A1 Roofing & Siding Ltd.
• ROOFING
• SIDING
• SOFFIT
• STUCCO
• HARDIE
• FASCIA
• EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615

The Punjabi Newspaper
ਪੰਜਾਬੀਅਤ ਦਾ ਪਰਚਮ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 | Regina/Saskatoon : 639 999 1000 : Winnipeg 431 733 3000
Chief Editor : Harbans Buttar

Look & Find your dream home with
MANJIT JASWAL
REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21 Bravo Realty
403.861.2253

Vol: 10 No: 220 Website : www.punjabiakhbaar.ca Email: editor@punjabiakhbaar.ca Friday, 19 May 2023

# ਕੈਨੇਡੀਅਨ ਨਾਗਰਿਕਤਾ ਵਾਲੇ ਹੁਣ ਪਾਸਪੋਰਟ ਨਵਿਆਉਣ ਲਈ ਆਨਲਾਈਨ ਅਪਲਾਈ ਕਰ ਸਕਣਗੇ




ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡੀਅਨ ਨਾਗਰਿਕਤਾ ਵਾਲੇ ਲੋਕਾਂ ਨੂੰ ਹੁਣ ਆਪਣੇ ਪਾਸਪੋਰਟ ਨਵਿਆਉਣ ਲਈ ਲੰਮੀਆਂ ਕਤਾਰਾਂ ਵਿੱਚ ਖੜ੍ਹੇ ਹੋਣ ਦੀ ਲੋੜ ਨਹੀਂ ਪਵੇਗੀ ਸਗੋਂ ਇਹ ਕੰਮ ਆਨਲਾਈਨ ਹੀ ਹੋ ਜਾਇਆ ਕਰੇਗਾ। ਇਸ ਦਾ ਐਲਾਨ ਇਮੀਗ੍ਰੇਸ਼ਨ ਮੰਤਰੀ ਮੰਤਰੀ ਸ਼ੌਨ ਫਰੇਜ਼ਰ ਨੇ ਕੀਤਾ ਹੈ।“ਇਸ ਸਾਲ ਦੇ ਅੰਤ ਤੋਂ ਜਿਨ੍ਹਾਂ ਕੈਨੇਡੀਅਨ ਨੂੰ ਆਪਣੇ ਪਾਸਪੋਰਟ ਨਵਿਆਉਣੇ ਹੋਣਗੇ ਉਹ ਆਨਲਾਈਨ ਅਪਲਾਈ ਕਰ ਸਕਣਗੇ। ਇਸ ਲਈ ਉਹ ਆਪਣੇ ਅਹਿਮ ਦਸਤਾਵੇਜ਼ ਤੇ ਪਾਸਪੋਰਟ ਸਾਈਜ਼ ਫੋਟੋ ਵੀ ਸਰਕਾਰੀ ਵੈੱਬਸਾਈਟ ਉੱਤੇ ਅਪਲੋਡ ਕਰ ਸਕਣਗੇ। ਕੈਨੇਡਾ ਦੇ ਪਾਸਪੋਰਟ ਲਈ ਨਵੇਂ ਡਿਜ਼ਾਈਨ ਦੀ ਘੁੰਢ ਚੁਕਾਈ ਮੌਕੇ ਇੱਕ ਈਵੈਂਟ ਵਿੱਚ ਹਿੱਸਾ ਲੈਣ ਸਮੇਂ ਇਮੀਗ੍ਰੇਸ਼ਨ ਮੰਤਰੀ ਸ਼ੌਨ ਫਰੇਜ਼ਰ ਨੇ ਇਹ ਐਲਾਨ ਕੀਤਾ।“ਕੈਨੇਡਾ ਦੇ ਪਾਸਪੋਰਟ ਦੇ ਨਵੇਂ ਡਿਜ਼ਾਈਨ ਵਿੱਚ ਅਪਡੇਟਿਡ ਸਕਿਊਰਿਟੀ ਫੀਚਰ ਤੇ ਰੰਗਦਾਰ ਨਵੇਂ ਪੇਜ ਵੀ ਹਨ ਤੇ ਇਸ ਵਿੱਚੋਂ ਕੁੱਝ ਚੀਜ਼ਾਂ ਨੂੰ ਹਟਾ ਵੀ ਦਿੱਤਾ ਗਿਆ ਹੈ। ਔਟਵਾ ਇੰਟਰਨੈਸ਼ਨਲ ਏਅਰਪੋਰਟ ਉੱਤੇ ਪ੍ਰੈੱਸ ਕਾਨਫਰੰਸ ਦੌਰਾਨ ਫਰੇਜ਼ਰ ਨੇ ਆਖਿਆ ਕਿ ਕੈਨੇਡੀਅਨਾਂ ਲਈ ਆਪਣੀਆਂ ਸੇਵਾਵਾਂ ਤੇ ਸਕਿਊਰਿਟੀ ਵਿੱਚ ਸੁਧਾਰ ਲਈ ਫੈਡਰਲ ਸਰਕਾਰ ਕੰਮ ਕਰਨਾ ਜਾਰੀ ਰੱਖੇਗੀ। ਪਾਸਪੋਰਟ ਨੂੰ ਅਪਡੇਟ ਕਰਨ ਨਾਲ ਟਰੈਵਲ ਵਿੱਚ ਸੁਧਾਰ ਤੇ ਸਕਿਊਰਿਟੀ ਵਿੱਚ ਹੋਰ ਵਾਧਾ ਹੋਵੇਗਾ। ਉਨ੍ਹਾਂ ਲੋਕਾਂ ਨੂੰ ਸਰਵਿਸ ਕੈਨੇਡਾ ਕੋਲ ਰਵਾਇਤੀ ਐਪਲੀਕੇਸ਼ਨ ਪ੍ਰਕਿਰਿਆ ਰਾਹੀਂ ਲੰਘਣਾ ਹੋਵੇਗਾ, ਜਿਨ੍ਹਾਂ ਨੇ ਨਵੇਂ ਪਾਸਪੋਰਟ ਲਈ ਅਪਲਾਈ ਕਰਨਾ ਹੋਵੇਗਾ, ਜਾਂ ਜਿਨ੍ਹਾਂ ਦੇ ਨਵੇਂ ਜਨਮੇ ਬੱਚੇ ਹੋਣਗੇ।

# ਗੁਰਦੁਆਰੇ 'ਚ ਨਸ਼ਾ ਕਰਦੀ ਔਰਤ ਨੂੰ ਨਿਰਮਲਜੀਤ ਸਿੰਘ ਨੇ ਗੋਲੀ ਮਾਰੀ

ਪਟਿਆਲਾ (ਪੰਜਾਬੀ ਅਖਬਾਰ ਬਿਊਰੋ)- ਇਤਿਹਾਸਕ ਗੁਰਦੁਆਰਾ ਦੂਖ-ਨਿਵਾਰਨ ਸਾਹਿਬ ਵਿਖੇ ਬੇਅਦਬੀ ਦੀ ਇੱਕ ਹੋਰ ਘਟਨਾ ਵਾਪਰੀ ਹੈ ਜਿਥੇ ਗੁਰਦੁਆਰਾ ਸਾਹਿਬ ਦੇ ਸਰੋਵਰ ਕੋਲ ਇੱਕ ਔਰਤ ਸ਼ਰਾਬ ਪੀਂਦੀ ਦੇਖੀ ਗਈ ਜਿਸ ਕਾਰਨ ਸੰਗਤਾਂ ਗੁੱਸੇ ਵਿੱਚ ਆ ਗਈਆਂ ਅਤੇ ਇਕ ਸ਼ਰਧਾਲੂ ਨੇ ਉਸ ਨੂੰ ਗੋਲੀਆਂ ਮਾਰ ਕੇ ਮਾਰ ਦਿੱਤੀ। ਕਥਿਤ ਤੌਰ 'ਤੇ ਗੋਲੀਆਂ ਮਾਰਨ ਵਾਲੇ ਨਿਰਮਲਜੀਤ ਸਿੰਘ ਨੇ ਭੱਜਣ ਦੀ ਕੋਸ਼ਿਸ਼ ਨਹੀਂ ਕੀਤੀ, ਸਗੋਂ ਪੁਲਿਸ ਅੱਗੇ ਆਤਮ ਸਮਰਪਣ ਕਰ ਦਿੱਤਾ ਹੈ।ਪੁਲਿਸ ਨੇ ਕੇਸ ਦਰਜ ਕਰ ਲਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਘਟਨਾ ਦੀ ਹੋਰ ਜਾਂਚ ਕਰ ਰਹੀ ਹੈ। ਪਰਵਿੰਦਰ ਕੌਰ ਗੁਰਦੁਆਰੇ ਦੇ ਸਰੋਵਰ ਦੀ ਪਰਿਕਰਮਾ ਵਿੱਚ ਕਥਿਤ ਤੌਰ 'ਤੇ ਜ਼ਰਦਾ ਮਲ ਰਹੀ ਸੀ, ਜਿਸ ਬਾਰੇ ਸੇਵਾਦਾਰਾਂ ਨੂੰ ਪਤਾ ਲੱਗਾ ਤਾਂ ਸੇਵਾਦਾਰਾਂ ਨੇ ਉਸ ਔਰਤ ਨੂੰ ਰੋਕਿਆ ਪਰ ਉਹ ਔਰਤ ਨਾ ਮੰਨੀ। ਸੇਵਾਦਾਰ ਜਦੋਂ ਉਸ ਔਰਤ ਨੂੰ ਮੈਨੇਜਰ ਕੋਲ ਲੈ ਜਾਣ ਲੱਗੇ ਤਾਂ ਔਰਤ ਨੇ ਸੇਵਾਦਾਰ 'ਤੇ ਹਮਲਾ ਕਰ ਦਿੱਤਾ।

ਗੱਲ ਤਾਂ ਪਰਦੇ ਦੀ ਹੀ ਹੈ !
TWC
TIMELESS WINDOW COVERINGS
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ !
ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।
ਕਾਲ: 403 953 1000
E Mail: Info@twcoverings.com
Web: www.twcoverings.com
Timelesswindowcoverings

# ਅਲਬਰਟਾ ਦੀ ਜੰਗਲੀ ਅੱਗ ਕਾਰਨ ਕੈਲਗਰੀ ਸਹਿਰ ਵੀ ਧੂੰਏ ਦੇ ਬੱਦਲਾਂ ਨੇ ਘੇਰ ਲਿਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਦੁਨੀਆ ਦਾ ਸਭ ਤੋਂ ਵੱਧ ਸਾਫ ਹਵਾ ਵਾਲਾ ਕੈਲਗਰੀ ਸਹਿਰ ਵੀ ਬੀਤੇ ਮੰਗਲਵਾਰ ਵਾਲੇ ਦਿਨ ਸਾਫ ਹਵਾ ਵਾਲਾ ਨਹੀਂ ਰਿਹਾ ਕਿਉਂਕਿ ਅਲਬਰਟਾ ਦੇ ਜੰਗਲਾਂ ਵਿੱਚ ਪਿਛਲੇ ਕਾਫੀ ਦਿਨਾਂ ਤੋਂ ਲੱਗੀ ਅੱਗ ਕਾਰਣ ਹੁਣ ਕੈਲਗਰੀ ਸਹਿਰ ਉੱਪਰ ਵੀ ਧੂੰਏ ਦੇ ਬੱਦਲ ਛਾਅ ਗਏ ਹਨ। ਉਸ ਦਿਨ ਇਹਨਾਂ ਧੂੰਏ ਦੇ ਬੱਦਲਾਂ ਨੇ ਏਅਰ ਕੁਆਲਿਟੀ ਹੈਲਥ ਇੰਡੈਕਸ ਰੇਟਿੰਗ ਨੂੰ ਵਧਾ ਕੇ 10+ ਦੀ ਚੋਟੀ ਦੀ ਰੇਟਿੰਗ ਤੱਕ ਪਹੁੰਚਾ ਦਿੱਤਾ ਅਤੇ ਵਾਤਾਵਰਣ ਕੈਨੇਡਾ ਨੂੰ ਹਵਾ ਦੀ ਗੁਣਵੱਤਾ ਸੰਬੰਧੀ ਚੇਤਾਵਨੀ ਜਾਰੀ ਕਰਨ ਲਈ ਮਜਬੂਰ ਕਰ ਦਿੱਤਾ ਗਿਆ ਹੈ।“ਚੇਤਾਵਨੀ ਜਾਰੀ ਕੀਤੀ ਗਈ ਹੈ ਕਿ ਜੋ ਵੀ ਵਿਅਕਤੀ ਜੋਖਮ ਵਿੱਚ ਹਨ ਜਾਂ ਬੱਚਿਆਂ ਅਤੇ ਬਜ਼ੁਰਗਾਂ ਨੂੰ ਖੁੱਲੇਆਮ ਹਵਾ ਵਿਚਲੀਆਂ ਗਤੀਵਿਧੀਆਂ ਤੋਂ ਬਚਣਾ ਚਾਹੀਦਾ ਹੈ।"ਜੇਕਰ ਤੁਹਾਡੇ ਘਰ ਦਾ ਤਾਪਮਾਨ ਆਰਾਮਦਾਇਕ ਹੈ ਤਾਂ ਆਪਣੇ ਦਰਵਾਜ਼ੇ ਅਤੇ ਖਿੜਕੀਆਂ ਬੰਦ ਰੱਖੋ।ਕਿਸੇ ਵੀ ਵਿਅਕਤੀ ਨੂੰ ਜਿਸਨੂੰ ਬਾਹਰ ਕੰਮ ਕਰਨਾ ਹੀ ਪੈਣਾ ਹੈ ਉਸਨੂੰ "ਧੂੰਏਂ ਦੇ ਬਰੀਕ ਕਣਾਂ ਦੇ ਸੰਪਰਕ ਵਿੱਚ ਆਉਣ ਨੂੰ ਘਟਾਉਣ" ਲਈ ਇੱਕ ਚੰਗੀ ਤਰ੍ਹਾਂ ਫਿੱਟ ਕੀਤੇ ਸਾਹ ਲੈਣ ਵਾਲੇ ਮਾਸਕ ਦੀ ਵਰਤੋਂ ਕਰਨੀ ਚਾਹੀਦੀ ਹੈ।“ ਇਹ ਚੇਤਾਵਨੀ ਉਦੋਂ ਆਈ ਹੈ ਜਦੋਂ ਅਲਬਰਟਾ ਵਿੱਚ ਜੰਗਲੀ ਅੱਗਾਂ 87 ਥਾਵਾਂ ਉੱਪਰ ਲੱਗੀਆਂ ਹੋਈਆਂ ਹਨ। ਇਸ ਹਫਤੇ ਗਰਮ ਅਤੇ ਖੁਸ਼ਕ ਮੌਸਮ ਦੀ ਉਮੀਦ ਨੇ ਚਿੰਤਾ ਵਧਾ ਦਿੱਤੀ ਹੈ ਕਿ ਜੰਗਲ ਦੀ ਅੱਗ ਸੂਬੇ ਦੇ ਦੱਖਣੀ ਹਿੱਸੇ ਤੱਕ ਵੀ ਪਹੁੰਚ ਜਾਵੇਗੀ।

Starts From $1499
OUR DENTAL FEES ARE LOWER THAN ALBERTA FEE GUIDE
✓ WE ACCEPT ALL INSURANCES
✓ DIRECT BILLING TO INSURANCE
✓ FINANCING AVAILABLE
✓ NO OBLIGATION CONSULT
OPEN 7 DAYS A WEEK
DENTAL IMPLANT
ਡੈਂਟਲ ਇੰਮਪਲਾਂਟ
NO OBLIGATION CONSULT
NEW PATIENTS WELCOME
WALK-IN EMERGENCIES
SEEN SAME DAY
DR. KHATTRA & ASSOCIATES
587-356-0555
#130 - 630 Redstone Dr NE, Calgary,AB
WWW.REDSTONESMILESDENTAL.COM
REDSTONE Smiles DENTAL
ਸਾਡਾ ਸਾਰਾ ਸਟਾਫ ਹਿੰਦੀ ਅਤੇ ਪੰਜਾਬੀ ਬੋਲਦਾ ਹੈ।
We speak Urdu, Punjabi and Hindi in addition to English.

Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ
ਇਮੀਗ੍ਰੇਸ਼ਨ ਸੇਵਾਵਾਂ
• ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
• ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
• ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
iccrc crcic Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca

AERO SIGN & PRINT INC.
RELIABLE AND AFFORDABLE
www.aerosign.ca
WHOLESALE CHANNEL LETTERS, LAWN SIGNS & PRINTING
403.764.7000
Email: sales@aerosign.ca 4852 50 Ave NE , Calgary, AB T3J 4L8

ਘਰ ਅੰਦਰ ਕਾਰਪਿਟ ਇਕੱਲੀ ਫਰਸ਼ ਨਾਲ ਹੀ ਨਹੀਂ ਜੁੜੀ ਹੁੰਦੀ ਸਗੋਂ ਤੁਹਾਡੀ ਜ਼ਿੰਦਗੀ ਦੇ ਹਰ ਪਲ ਨਾਲ ਵੀ ਜੁੜੀ ਹੁੰਦੀ ਐ
CARPET EMPIRE
ਘਰ ਅੰਦਰ ਜ਼ਿੰਦਗੀ ਦੇ ਵਾਸੇ ਲਈ ਕਾਰਪਿਟ ਅੰਪਾਇਰ ਕੈਲਗਰੀ ਆਓ ਫਿਰ ਦੇਖਿਓ ਜ਼ਿੰਦਗੀ ਦੇ ਰੰਗ
LINOLEUM TILE HIGH QUALITY
WHOLESALE PRICING BOUTIQUE SERVICE
BEST PRODUCTS BEST PRICE
CARPET, HARDWOOD, LAMINATE, TILES, VINYL PLANKS, CARPET TILES & LINO
Kam: 403 991 0074
Office: 403 510 1515
2935 19 St NE Calgary(AB) T2E7A2
sales@carpetempire.ca www.carpetempire.ca

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016

SHORY LAW
Est. 1998
NO CLIENT IS TOO SMALL, NO MATTER TOO BIG
FOLLOW US @ SHORYLAW
WWW.SHORYLAW.COM
• IMMIGRATION LAW
• CRIMINAL LAW
• FAMILY LAW
• REAL ESTATE LAW
• CIVIL LITIGATION
ਕਨੇਡੀਅਨ ਸਰਕਾਰ ਵਿੱਚ ਦੋ ਵਾਰ ਐਮ ਪੀ ਅਤੇ ਇੰਮੀਗ੍ਰੇਸ਼ਨ ਕਮੇਟੀ ਦੇ ਮੈਂਬਰ ਰਹੇ ਦਵਿੰਦਰ ਸ਼ੋਰੀ ਕੋਲੋਂ ਸੇਵਾਵਾਂ ਲੈਣ ਲਈ ਸੰਪਰਕ ਕਰੋ
403-216-1199
CONTACT@SHORYLAW.COM
220-4851 WESTWINDS DRIVE NE CALGARY, AB T3J 4L4


SOUTH POINT
A MASTER PLANNED COMMUNITY
50 ਏਕੜ
ਕਮਰੀਸੀਅਲ ਵਿਲੇਜ
ਛੇਤੀ ਆ ਰਿਹਾ ਹੈ
SIGNAGE
70 ਏਕੜ
ਰਿਹਾਇਸੀ
ਕਮਿਓਨਿਟੀ ਵਿੱਚ ਘਰ
ਹੁਣ ਵੇਚੇ ਜਾ ਰਹੇ ਹਨ
MODERN SINGLE FAMILY HOMES
BACK TO BACK TOWNHOMES
DUPLEX HOMES
SINGLE FAMILY LANE HOMES
URBAN TOWNHOMES
ROWHOMES
403.980.1979 | VESTASOUTHPOINT.COM
VESTA PROPERTIES
Sales Centre & Showhomes
600 South Point Heath SW, Airdrie, AB
Renderings are an artist's conception and are intended as a general reference only.

# ਕੈਲਗਰੀ ਵਿਖੇ ਖਾਲਸਾ ਸਾਜਨਾ ਦਿਵਸ ਸਬੰਧੀ ਕੱਢੇ ਗਏ ਨਗਰ ਕੀਰਤਨ ਮੌਕੇ ਇੱਕ ਲੱਖ ਚਾਲੀ ਹਜਾਰ ਦੇ ਕਰੀਬ ਸਿੱਖ ਸੰਗਤਾਂ ਨੇ ਹਾਜ਼ਰੀ ਭਰੀ















ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸਾਲ 2023 ਦਾ ਸਾਲਾਨਾ ਨਗਰ ਕੀਰਤਨ 13 ਮਈ ਵਾਲੇ ਦਿਨ ਗੁਰਦੁਆਰਾ ਦਸ਼ਮੇਸ਼ ਕਲਚਰ ਸੈਂਟਰ ਤੋਂ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਹੇਠ ਅਰਦਾਸ ਕੀਤੇ ਜਾਣ ਅਤੇ ਕਾਰਜਕਾਰੀ ਮੇਅਰ ਰਾਜ ਧਾਲੀਵਾਲ ਦੇ ਵਧਾਈ ਸੁਨੇਹੇ ਨਾਲ ਸ਼ੁਰੂ ਹੋਇਆ। ਹਜ਼ਾਰਾਂ ਦੀ ਸੰਖਿਆ ਵਿੱਚ ਸੰਗਤ ਫਲੋਟਾਂ ਪਿੱਛੇ ਚੱਲ ਰਹੀ ਸੀ। ਫਲੋਟਾਂ ਵਿੱਚ ਇਸ ਵਾਰ ਸਟੈਂਪੀਡ ਕੈਲਗਰੀ ਵੱਲੋਂ ਸਟੈਂਪੀਡ ਫਲੋਟ ਵੀ ਸ਼ਾਮਿਲ ਕੀਤਾ ਗਿਆ ਸੀ। ਕੈਲਗਰੀ ਪੁਲਿਸ, ਫਾਇਰ-ਫਾਇਟਰਜ਼, ਆਰਸੀਐਮਪੀ ਅਤੇ ਕੈਨੇਡੀਅਨ ਫੋਰਸਿਜ਼ ਦੇ ਜਵਾਨ ਵੀ ਇਸ ਨਗਰ ਕੀਰਤਨ ਦੀ ਸ਼ੋਭਾ ਦਾ ਹਿੱਸਾ ਬਣੇ। ਪ੍ਰੇਅਰੀ ਵਿੰਡਜ਼ ਪਾਰਕ ਪਹੁੰਚੇ ਨਗਰ ਕੀਰਤਨ ਵਿੱਚ ਸੈਂਕੜੇ ਸਟਾਲਾਂ ਅਤੇ ਸਟੇਜਾਂ ਤੋਂ ਖਾਣ-ਪੀਣ ਦੇ ਲੰਗਰ ਲਗਾਏ ਗਏ ਸਨ। ਵੱਖ ਵੱਖ ਸਟੇਜਾਂ ਤੋਂ ਧਾਰਮਿਕ ਗੀਤ ਸੰਗੀਤ ਚੱਲਦਾ ਰਿਹਾ। ਅਧਿਕਾਰੀਆਂ ਮੁਤਾਬਕ ਸਵਾ ਲੱਖ ਤੋਂ ਲੈ ਕੇ ਇੱਕ ਲੱਖ ਚਾਲੀ ਹਜ਼ਾਰ ਦੇ ਦਰਮਿਆਨ ਸੰਗਤਾਂ ਦਾ ਇਕੱਠ ਸੀ। ਰੈਡ ਡੀਅਰ ਵਿਚਲੇ ਨਵੇਂ ਬਣੇ ਗੁਰੂ ਘਰ ਵੱਲੋਂ ਵੀ ਆਪਣਾ ਸਟਾਲ ਲਗਾਇਆ ਗਿਆ ਸੀ। ਰੈਡ ਐਫ ਐਮ ਰੇਡੀਓ ਵੱਲੋਂ ਆਯੋਜਿਤ ਆਪਣੀ ਦਸਵੀਂ ਵਰ੍ਹੇਗੰਢ ਮੌਕੇ ਸਭ ਤੋਂ ਵੱਡਾ ਇਨਾਮ ਇੱਕ ਬੇਹੱਦ ਦਿਲਚਸਪ ਮੁਕਾਬਲੇ ਵਿੱਚ 19 ਸਾਲਾ ਰਿਤਿਕਾ ਜੀੜ੍ਹ ਨੇ ਹਾਸਲ ਕੀਤਾ। ਰੈਡ ਐਫ ਐਮ ਰੇਡੀਓ ਵੱਲੋਂ 19 ਸਾਲਾ ਰਿਤਿਕਾ ਜੀੜ੍ਹ ਨੂੰ ਦਿਲਚਸਪ ਮੁਕਾਬਲੇ ਵਿੱਚ ਜਿੱਤ ਹਾਸਲ ਕਰਨ ਮਗਰੋਂ ਐਸਯੂਵੀ ਦੀਆਂ ਚਾਬੀਆਂ ਭੇਟ ਕੀਤੀਆਂ ਗਈਆਂ। ਇਸ ਮਗਰੋਂ ਇੱਕ ਗਰੁੱਪ ਵੱਲੋਂ ਵਿਰੋਧ ਕਰਨ ਦੇ ਚੱਲਦਿਆਂ ਰੈਡ ਐਫ ਐਮ ਦੀ ਸਟੇਜ ਤੋਂ ਗਾਇਕ ਕਲਾਕਾਰਾਂ - ਨਛੱਤਰ ਗਿੱਲ ਅਤੇ ਫਿਰੋਜ਼ ਖਾਨ ਦਾ ਧਾਰਮਿਕ ਗੀਤਾਂ ਦਾ ਪ੍ਰੋਗਰਾਮ ਨਹੀਂ ਹੋ ਸਕਿਆ ਤੇ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਨਿਰਾਸ਼ ਮੁੜਣਾ ਪਿਆ। ਰੈਡ ਐਫ ਐਮ ਰੇਡੀਓ ਦੇ ਸੀ ਈ ਓ ਕੁਲਵਿੰਦਰ ਸਿੰਘ ਸੰਘੇੜਾ ਅਨੁਸਾਰ ਉਹਨਾਂ ਨੂੰ ਇਸ ਘਟਨਾ ਦਾ ਅਫਸੋਸ ਹੈ ਕਿਉਂਕਿ ਉਪਰੋਕਤ ਕਲਾਕਾਰਾਂ ਨੇ ਸਿਰਫ ਧਾਰਮਿਕ ਗੀਤ ਹੀ ਗਾਉਣੇ ਸਨ। ਵੱਖੋ ਵੱਖ ਮੀਡੀਆ ਅਦਾਰਿਆਂ ਵੱਲੋਂ ਆਪੋ ਆਪਣੇ ਬੂਥ ਲਗਾਏ ਗਏ ਸਨ। ਪਰਾਈਮ ਏਸੀਆ ਟੈਲੀਵੀਯਨ ਵੱਲੋਂ ਨਗਰ ਕੀਰਤਨ ਦਾ ਸਿੱਧਾ ਪ੍ਰਸਾਰਣ ਦਿਖਾਇਆ ਗਿਆ ਜਿਸ ਨਾਲ ਦੁਨੀਆ ਭਰ ਦੀ ਸਿੱਖ ਸੰਗਤ ਕੈਲਗਰੀ ਦੇ ਨਗਰ ਕੀਰਤਨ ਨਾਲ ਜੁੜੀ ਰਹੀ। ਹਾਕੀ ਕਲੱਬ ਵਾਲੇ ਗੁਰਲਾਲ ਮਾਣੂੰਕੇ ਹੋਰਾਂ ਦੀ ਟੀਮ ਵੱਲੋਂ ਸਾਫ ਸਫਾਈ ਮੁਹਿੰਮ ਦਾ ਕਾਰਜ ਪਿਛਲੇ ਸਾਲਾਂ ਦੀ ਤਰਾਂ ਜੋਸ਼ੋ ਖ਼ਰੋਸ਼ ਨਾਲ ਨਿਭਾਇਆ ਗਿਆ। ਅਲਬਰਟਾ ਵਿੱਚ ਵੋਟਾਂ ਹੋਣ ਕਾਰਣ ਦੋਵੇਂ ਰਾਜਨੀਤਕ ਪਾਰਟੀਆਂ ਦੀਆਂ ਮੁਖੀ ਲੀਡਰ ਬੀਬੀਆਂ ਵੀ ਪੰਜਾਬੀ ਸੂਟ ਪਾਕੇ ਆਪੋ ਆਪਣੀਆਂ ਵੋਟਾਂ ਪੱਕੀਆਂ ਕਰਦੀਆਂ ਹੋਈਆਂ ਖਾਲਸਾ ਸਾਜਨਾ ਦਿਵਸ ਦੀਆਂ ਵਧਾਈਆਂ ਦੇ ਰਹੀਆਂ ਸਨ। ਪ੍ਰੇਅਰੀਵਿੰਡਜ਼ ਪਾਰਕ ਵਿੱਚ ਵੇਟਲਿਫਟਿੰਗ ਹੋ ਰਹੀ ਸੀ ਅਤੇ ਇੱਕ ਹੋਰ ਸਟਾਲ ਉੱਪਰ ਜਿੱਥੇ ਦਸਤਾਰਾਂ ਸਜਾਈਆਂ ਜਾ ਰਹੀਆਂ ਸਨ ਉੱਥੇ ਨਾਲ ਹੀ ਹਰਿਆਲੀ ਦੇ ਪ੍ਰਤੀਕ ਪੌਦੇ ਵੀ ਵੰਡੇ ਗਏ।












# ਲੀਡਰ ਬਣਨਾ ਸੌਖਾ ਨਹੀਂ ਦਰ ਦਰ 'ਤੇ ਜਾਣਾ ਪੈਂਦਾ ਐ !

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕਨੇਡਾ ਦੇ ਅਲਬਰਟਾ ਸੂਬੇ ਅੰਦਰ ਸੂਬਾਈ ਚੋਣਾਂ 29 ਮਈ 2023 ਨੂੰ ਹੋਣ ਜਾ ਰਹੀਆਂ ਹਨ । ਕਿਹਦੀ ਸਰਕਾਰ ਬਣੇਗੀ ? ਕਿਹੜੇ ਹਲਕੇ ਵਿੱਚੋਂ ਕੌਣ ਜਿੱਤੇਗਾ-ਕੌਣ ਹਾਰੇਗਾ ? ਕਿਸ ਉਮੀਂਦਵਾਰ ਦੇ ਨਾਂ ਨਾਲ ਐਮ ਐਲ ਏ ਸ਼ਬਦ ਜੁੜੇਗਾ ਜਾਂ ਕੌਣ ਸਾਬਕਾ ਐਮ ਐਲ ਏ ਬਣੇਗਾ ? ਇਹਨਾਂ ਸਾਰੇ ਸੁਆਲਾਂ ਦਾ ਜੁਆਬ ਤਾਂ 29 ਮਈ 2023 ਦੀਆਂ ਚੋਣਾਂ ਉਪਰੰਤ ਹੀ ਮਿਲੇਗਾ ਪਰ ਆਪੋ ਆਪਣੇ ਹਲਕੇ ਵਿੱਚ ਸਾਰੀਆਂ ਹੀ ਪਾਰਟੀਆਂ ਦੇ ਸਾਰੇ ਉਮੀਂਦਵਾਰ ਆਪੋ ਆਪਣੇ ਢੰਗ ਤਰੀਕਿਆਂ ਨਾਲ ਪੂਰਾ ਜ਼ੋਰ ਲਗਾ ਰਹੇ ਹਨ। ਆਪਣੇ ਹੱਕ ਵਿੱਚ ਵੋਟਾਂ ਪਵਾਉਣ ਲਈ ਉਮੀਂਦਵਾਰਾਂ ਵੱਲੋਂ ਘਰ ਘਰ ਜਾਕੇ ਵੋਟਾਂ ਮੰਗਣ ਦੀ ਪ੍ਰੀਕਿਰਿਆ ਪੂਰਾ ਜ਼ੋਰ ਫੜ੍ਹ ਚੁੱਕੀ ਹੈ। ਆਪੋ ਆਪਣੀ ਪਾਰਟੀਆਂ ਦੀਆਂ ਨੀਤੀਆਂ ਦਰ- ਦਰ ਜਾਕੇ ਦੱਸੀਆਂ ਜਾ ਰਹੀਆਂ ਹਨ। ਲੋਕਾਂ ਵੱਲੋਂ ਸੱਤਾਧਾਰੀ ਪਾਰਟੀ ਨੂੰ ਖ਼ਰੇ ਖ਼ਰੇ ਸੁਆਲ ਕੀਤੇ ਜਾ ਰਹੇ ਹਨ । ਜਿਹੜੀ ਪਾਰਟੀ ਸਤਾ ਵਿੱਚ ਆਉਣ ਲਈ ਜ਼ੋਰ ਲਗਾ ਰਹੀ ਹੈ ਉਹਨਾਂ ਕੋਲੋਂ ਵੀ ਵੋਟਰਾਂ ਵੱਲੋਂ ਪੁਛਿਆ ਰਿਹਾ ਹੈ ਕਿ ਜੇਕਰ ਉਹ ਸਤਾ ਸੰਭਾਲਦੇ ਹਨ ਤਾਂ ਉਹ ਸੂਬੇ ਦੀ ਬੇਹਤਰੀ ਲਈ ਕੀ ਕਰਨਗੇ। ਜਦੋਂ ਇਹ ਉਮੀਂਦਵਾਰ ਐਮ ਐਲ ਏ ਬਣ ਜਾਣਗੇ ਉਸ ਵਕਤ ਤਾਂ ਸ਼ਾਇਦ ਇਹਨਾਂ ਨੂੰ ਵਜਦੇ ਸਲੂਟ ਚੰਗੇ ਲੱਗਣ ਪਰ ਹਾਲ ਦੀ ਘੜੀ ਜੇਕਰ ਇਹਨਾਂ ਦੇ ਰੋਜ਼ਾਨਾ ਦਰ ਦਰ ਜਾਕੇ ਵੋਟ ਮੰਗਣ ਵਾਲੇ ਵਕਤ ਨੂੰ ਦੇਖਿਆ ਜਾਵੇ ਇਹੀ ਮਹਿਸੂਸ ਹੁੰਦਾ ਹੈ ਕਿ ਲੀਡਰ ਬਣਨਾ ਸੌਖਾ ਨਹੀਂ ਦਰ-ਦਰ 'ਤੇ ਜਾਣਾ ਪੈਂਦਾ ਹੈ।





Punjab MONEY EXCHANGE
Pick Up & Delivery
NO EXTRA CHARGES
Contact for Sending & Receiving MONEY TO INDIA
ਬਿੱਕਰ ਗਿੱਲ 780 993 1463
2603-Hewes way, Unit-208, Edmonton T6L 6W6
ਇੰਡੀਆ 'ਚ ਜਲਦੀ ਪੈਸੇ ਪਹੁੰਚਾਉਣ ਜਾਂ ਮੰਗਵਾਉਣ ਲਈ ਪੰਜਾਬ ਮਨੀ ਐਕਸਚੇਂਜ ਦੀ ਵਧੀਆ ਸਰਵਿਸ ਲਈ ਕਾਲ ਕਰੋ।
CONTACT FOR FAST SERVICE
Bikkar Gill (Moga) 780-465-6166

Punjab Land Documents Writer (Regd.)
ਐਨ.ਆਰ.ਆਈ. ਵੀਰ ਅਤੇ ਭੈਣਾਂ ਧਿਆਨ ਦੇਣ
35 ਸਾਲ ਸਿਵਲ ਕੋਰਟਸ ਵਿੱਚ ਕੀਤੇ ਕੰਮ ਦੇ ਤਜ਼ਰਬੇਕਾਰ Documents Writer
ਪੰਜਾਬ (ਇੰਡੀਆ) ਦੀਆਂ ਜ਼ਮੀਨਾਂ-ਜਾਇਦਾਦ ਦੇ ਡਾਕੂਮੈਂਟਸ ਇੱਥੇ ਲਿਖੇ ਜਾਂਦੇ ਹਨ।
· ਹਰ ਪ੍ਰਕਾਰ ਦੇ ਮੁਖਤਿਆਰਨਾਮੇ (Power of Attorney), ਵਸੀਅਤ ( Will ) ਜ਼ਮੀਨ ਟਰਾਂਸਫਰ, ਭੌਂ ਬੈਅ।
· ਜ਼ਮੀਨਾਂ ਦੀ ਫਰਦ, ਗਿਰਦਾਵਰੀ, ਵਿਰਾਸਤ, ਹਰ ਤਰ੍ਹਾਂ ਦੇ ਇੰਤਕਾਲ, ਬੈਕਾਂ, ਦਾਜ, ਕਾਨੂੰਨੀ ਜਾਣਕਾਰੀ
· ਜ਼ਮੀਨ, ਜਾਇਦਾਦ, (Properties), ਦੀ ਜਾਂ ਹੋਰ ਤੁਹਾਡੀ ਕੋਈ ਵੀ ਸਮੱਸਿਆ-ਮਸਲਾ-ਝਮੇਲਾ ਹੋਵੇ।
ਤਕਸੀਮ-ਵੰਡ, ਕੇਸ ਪੈਰਵੀ, (Affidavit), NRI ਥਾਣੇ, ਅਤੇ ਹਰ ਤਰ੍ਹਾਂ ਦੇ ਡਾਕੂਮੈਂਟਸ ਲਿਖਣ ਸਬੰਧੀ ਕੰਮ ਆਦਿ।
ਸੰਪਰਕ: AVTAR S.TOOR 1 587 581 1313
ਦਫ਼ਤਰ 6105 Saddlehorn Dr. NE. Calgary AB

COLD IRON TRUCK CENTER
SALE LEASING WARRANTY
WE BUY, WE SELL TRUCKS & TRAILERS
212 - 6958 76 Ave NW, Edmonton
+1-416-560-2250, +1-780-904-0005
www.coldirontrucks.com

RE/MAX
List your house with Chahal!
ਆਪਣਾ ਘਰ ਵੇਚਣ ਲਈ ਜਸ ਚਾਹਲ ਨਾਲ ਲਿਸਟ ਕਰੋ
ਕੀ ਤੁਸੀਂ ਜਾਇਦਾਦ ਵੇਚਣ,ਖਰੀਦਣ ਜਾਂ ਨਿਵੇਸ਼ ਕਰਨ ਲਈ ਇੱਕ ਇਮਾਨਦਾਰ ਰੀਅਲ ਅਸਟੇਟ ਏਜੰਟ ਦੀ ਭਾਲ ਕਰ ਰਹੇ ਹੋ ? ਤਾਂ ਕਿਰਪਾ ਕਰਕੇ ਜਸਦੀਪ ਸਿੰਘ ਚਹਿਲ, ਗਾਲਿਬ ਕਲਾਂ ਵਾਲਿਆਂ ਨੂੰ ਸੰਪਰਕ ਕਰੋ ਤਾਂ ਜੋ ਤੁਹਾਡੀਆਂ ਰੀਅਲ ਅਸਟੇਟ ਦੀਆਂ ਲੋੜਾਂ ਪੂਰੀ ਹੋ ਸਕਣ!
ਮੈਂ ਤੁਹਾਡੇ ਅਗਲੇ ਘਰ ਲਈ ਸਭ ਤੋਂ ਵਧੀਆ ਸੌਦਾ ਪ੍ਰਾਪਤ ਕਰਨ ਵਿੱਚ ਮੱਦਦ ਕਰਾਂਗਾ
Jas Chahal
587-971-8667
RE/MAX iREALTY INNOVATIONS
Free Home Evaluation
JAS CHAHAL REAL ESTATE
JChahal@remax.net
1301 8 St SW #100, Calgary, AB T2R 1B7

TIRED OF PAYING HIGH BROKER FEES?
• BUSINESS LOANS AT COMPETITIVE INTEREST RATES AND FLEXIBLE TERMS
• GROW YOUR BUSINESS WITH CONFIDENCE
• 10 YEARS OF INDUSTRY EXPERIENCE
* ਪ੍ਰਤੀਯੋਗੀ ਵਿਆਜ ਦਰਾਂ 'ਤੇ ਵਪਾਰਕ ਕਰਜ਼ੇ ਅਤੇ ਲਚਕਦਾਰ ਨਿਯਮ
* ਆਪਣੇ ਕਾਰੋਬਾਰ ਨੂੰ ਭਰੋਸੇ ਨਾਲ ਵਧਾਓ
* 10 ਸਾਲਾਂ ਦਾ ਉਦਯੋਗ ਦਾ ਤਜਰਬਾ ਹੈ
• Commercial Property Mortgage
• Equipment Loans
• Business Purchase Loans
• Working Capital/ Cashflow Loans
FAHAD NAYYAR, MBA
403-608-4896
Fahad.NAYYAR@bdc.ca
www.ineedabusinessloan.ca
#250, 28 Quarry Park Blvd SE Calgary, AB T2C 5P9
*Some conditions apply
Over $150 Million Funded!
No Approval? NO FEES!
UP TO 100% FINANCING*

Bains Vision Centre
ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡਡ ਐਨਕਾਂ ਵੀ ਮਿਲਦੀਆਂ ਹਨ
Dr.Jaswinder S Bains
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1

ਕੋਰੋਨਾ ਵਾਇਰਸ ਦੇ ਚੱਲਦਿਆਂ ਹੁਣ ਤੁਸੀਂ ਰੋਮੀ ਸਿੱਧੂ ਕੋਲੋਂ ਇੰਸ਼ੋਰੈਂਸ ਫੋਨ ਉੱਪਰ ਵੀ ਕਰਵਾ ਸਕਦੇ ਹੋ
Call Romi Sidhu For Insurance & Financial Needs
StateFarm IS NOW Desjardins Insurance
Monday-Friday
9:00 am to 5:30 PM
Weekends: All Other Times Appointments only
4851 Westwinds Drive NE, Suite 217, Calgary, AB T3J 4L4
B:403-568-4330 C:403 615 7664
Email:romi.sidhu@desjardins.com
* HOME * DISABILTY * VEHICLE FINANCE
* AUTO * RRSP * CRITICAL ILLNESS
* LIFE * RESP * MUTUAL FUNDS
Romi Sidhu, Agent

An Efficient Mortgage / Home Financing Process Contact Kulwant Manhas
ਕਨੇਡਾ ਵਿੱਚ ਨਵੇਂ ਆਏ ਹੋ, ਘਰ ਖਰੀਦਣਾ ਚਾਹੁੰਦੇ ਹੋ ਜਾਂ ਰੀ ਫਾਇਨਾਂਸ ਕਰਵਾਉਣਾ ਹੈ ਤਾਂ ਕੁਲਵੰਤ ਮਨਹਾਸ ਨੂੰ ਮਿਲੋ
Kulwant S. Manhas
Home Financing Advisor
C: (587)-899-2093
Specializing in:
• Home Buyers
• Refinancing
• New to Canada
• Construction Draws

Vig Fashions
Jewellery - Fashion Boutique
Tailoring - Dry Clean
ਵਿਆਹ ਸ਼ਾਦੀਆਂ ਲਈ ਸੋਹਣੇ ਸੋਹਣੇ ਸੂਟ, ਗਰਾਰੇ-ਸ਼ਰਾਰੇ, ਲਹਿੰਗੇ, ਆਰਟੀਫਿਸ਼ਲ ਜਿਊਲਰੀ, ਜਾਗੋ ਦਾ ਸਮਾਨ, ਕੁੜਤੇ ਪਜਾਮੇ, ਪੱਗਾਂ, ਕੰਬਲ, ਆਦਿ ਬਜ਼ਾਰ ਨਾਲੋਂ ਸਸਤੇ ਅਤੇ ਵਧੀਆ ਕੁਆਲਿਟੀ ਵਿੱਚ ਮਿਲਦੇ ਹਨ।
ਸਿਲਾਈ ਅਤੇ ਡਰਾਈਕਲੀਨ ਵੀ ਕਰਵਾ ਸਕਦੇ ਹੋ
ਦੇਸੀ ਬਜ਼ਾਰ ਕੈਲਗਰੀ ਵਾਲੇ ਪਲਾਜ਼ੇ ਵਿੱਚ
Ph: 403-590-5620
#159-5120 47 Street NE, Calgary (AB)
E: Vigfashions@gmail.com

# ਹੁਣ ਅੱਗ ਬੁਝਾਊ ਕਾਮਿਆਂ ਨੇ ਸਰਕਾਰ ਦੀ ਪੋਲ ਖੋਲ ਦਿੱਤੀ ਹੈ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅੱਗ ਲੱਗਣ ਦੀਆਂ ਘਟਨਾਵਾਂ ਬਾਰੇ ਇਹ ਧਾਰਨਾ ਬਣੀ ਹੋਈ ਹੈ ਕਿ ਅੱਗ ਚਾਹੇ ਕਿਸੇ ਦੇ ਘਰ ਲੱਗੇ ਪਰ ਉਸਦਾ ਸੇਕ ਗੁਆਂਢੀਆਂ ਨੂੰ ਵੀ ਜਾਂਦਾ ਹੈ। ਇਸ ਧਾਰਨਾ ਉੱਪਰ ਅਲਬਰਟਾ ਦੇ ਜੰਗਲਾਂ ਵਿੱਚ ਲੱਗੀ ਅੱਗ ਨੇ ਮੋਹਰ ਲਗਾ ਦਿੱਤੀ ਹੈ ਕਿਉਂਕਿ ਇਸ ਜੰਗਲੀ ਅੱਗ ਦਾ ਧੂੰਆਂ ਕੈਨੇਡਾ ਅਤੇ ਨਾਲ ਲੱਗਦੇ ਮੁਲਕ ਅਮਰੀਕਾ ਦੇ ਕੁੱਝ ਹਿੱਸਿਆਂ ਅਤੇ ਹੁਣ ਕੈਲਗਰੀ ਤੱਕ ਵੀ ਫੈਲ ਰਿਹਾ ਹੈ। ਹਾਲ ਹੀ ਦੇ ਦਿਨਾਂ ਵਿੱਚ ਅਲਬਰਟਾ ਵਿੱਚ 30,000 ਤੋਂ ਵੱਧ ਲੋਕਾਂ ਨੂੰ ਆਪਣੇ ਘਰ ਛੱਡਣ ਦੇ ਆਦੇਸ਼ ਦਿੱਤੇ ਗਏ ਹਨ। ਭਾਵੇਂ ਅਲਬਰਟਾ ਸਰਕਾਰ ਨੇ ਐਲਾਨ ਕੀਤਾ ਹੈ ਕਿ 1,250 ਡਾਲਰ ਪ੍ਰਤੀ ਬਾਲਗ ਅਤੇ 500 ਡਾਲਰ ਪ੍ਰਤੀ ਨਾਬਾਲਗ ਬੱਚਾ ਜਲਦੀ ਤੋਂ ਜਲਦੀ ਉਨ੍ਹਾਂ ਲਈ ਉਪਲਬਧ ਹੋਵੇਗਾ ਜੋ ਘਰ ਤੋਂ ਘੱਟੋ-ਘੱਟ ਸੱਤ ਦਿਨ ਦੂਰ ਬਿਤਾਉਣ ਲਈ ਮਜਬੂਰ ਹਨ। ਪਰ ਇਸ ਅੱਗ ਦਾ ਸੇਕ ਅੱਗ ਬੁਝਾਊ ਅਮਲੇ ਵੱਲੋਂ ਕੀਤੀਆਂ ਜਾ ਰਹੀਆਂ ਆਲੋਚਨਾਤਮਕ ਟਿੱਪਣੀਆਂ ਦੇ ਜ਼ਰੀਏ ਰਾਜਨੀਤਕ ਲਪਟਾਂ ਮਾਰ ਰਿਹਾ ਹੈ ਉਹ ਵੀ ਉਦੋਂ ਜਦੋਂ ਅਲਬਰਟਾ ਸੂਬੇ ਦੀਆਂ ਚੋਣਾਂ ਵਾਲੇ ਦਿਨ ਵਿੱਚ ਸਿਰਫ ਥੋੜੇ ਦਿਨ ਹੀ ਬਾਕੀ ਹਨ। ਅੱਗ ਬੁਝਾਉਣ ਵਾਲੇ ਮਹਿਕਮੇ ਦੇ ਕਾਮਿਆਂ ਅਨੁਸਾਰ ਉਹ ਅਲਬਰਟਾ ਦੀਆਂ ਹਵਾਈ ਹਮਲਾ ਟੀਮਾਂ ਵਿੱਚ ਕਟੌਤੀ ਦੀ ਆਲੋਚਨਾ ਕਰਦੇ ਹਨ ਕਿਉਂਕਿ ਜੰਗਲੀ ਅੱਗ ਦੀ ਲੜਾਈ ਜਾਰੀ ਹੈ।ਅਲਬਰਟਾ ਦੇ ਜੰਗਲੀ ਅੱਗ ਨਾਲ ਲੜਨ ਵਾਲੇ ਅਮਲੇ ਦੇ ਸਾਬਕਾ ਮੈਂਬਰਾਂ ਦਾ ਕਹਿਣਾ ਹੈ ਕਿ ਸਰਕਾਰੀ ਬਜਟ ਵਿੱਚ ਕਟੌਤੀ ਨੇ ਸੂਬੇ ਨੂੰ ਆਪਣੀ ਮੌਜੂਦਾ ਅੱਗ ਨਾਲ ਥੋੜ੍ਹੇ ਹੱਥੀਂ ਲੜਨ ਲਈ ਛੱਡ ਦਿੱਤਾ ਹੈ। ਜਦੋਂ ਕਿ ਰੈਪਲ ਟੀਮਾਂ ਚੱਲ ਰਹੀ ਅੱਗ ਦੀ ਲੜਾਈ ਵਿੱਚ ਫਰਕ ਲਿਆ ਸਕਦੀਆਂ ਸਨ। ਉਨ੍ਹਾਂ ਫਾਇਰਫਾਈਟਰਾਂ ਨੂੰ ਹੈਲੀਕਾਪਟਰਾਂ ਤੋਂ ਜੰਗਲੀ ਅੱਗ 'ਤੇ ਪਹੁੰਚਣ ਲਈ ਸਿਖਲਾਈ ਦਿੱਤੀ ਗਈ ਸੀ ਜਦੋਂ ਕਿ ਉਹ ਅਜੇ ਵੀ ਕੁੱਝ ਹੈਕਟੇਅਰ ਨੂੰ ਕਵਰ ਕਰਦੇ ਸਨ। ਪਰ ਯੂਨਾਈਟਿਡ ਕੰਜ਼ਰਵੇਟਿਵ ਸਰਕਾਰ ਦੁਆਰਾ ਉਸ ਪ੍ਰੋਗਰਾਮ ਨੂੰ 2019 ਵਿੱਚ ਕੱਟ ਦਿੱਤਾ ਗਿਆ ਸੀ।

## ਅਲਬਰਟਾ ਦੀਆਂ ਜੰਗਲੀ ਅੱਗਾਂ ਨੂੰ ਕਾਬੂ ਕਰਨ 'ਚ ਮਦਦ ਕਰਨ ਵਾਲੇ ਫੌਜ ਦੇ ਮੈਂਬਰਾਂ ਨਾਲ ਪ੍ਰਧਾਨ ਮੰਤਰੀ ਟਰੂਡੋ ਨੇ ਮੁਲਾਕਾਤ ਕੀਤੀ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਸੂਬੇ ਵਿੱਚ ਲੱਗੀ ਭਿਆਨਕ ਜੰਗਲੀ ਅੱਗਾਂ ਉਪਰੰਤ ਸੂਬੇ ਦੀ ਪ੍ਰੀਮੀਅਰ ਡੈਨੀਅਲ ਸਮਿਥ ਵੱਲੋਂ ਫੈਡਰਲ ਸਰਕਾਰ ਕੋਲੋਂ ਮੰਗ ਕੀਤੀ ਗਈ ਸੀ ਕਿ ਇਹਨਾ ਅੱਗਾਂ ਉੱਪਰ ਕਾਬੂ ਪਾਉਣ ਲਈ ਫੌਜ ਨੂੰ ਤਾਇਨਾਤ ਕੀਤਾ ਜਾਵੇ ਇਸ ਮੰਗ ਨੂੰ ਮੰਨਦਿਆਂ ਹੋਇਆਂ ਫ਼ੈਡਰਲ ਸਰਕਾਰ ਵੱਲੋਂ ਸੂਬੇ ਚ ਫ਼ੌਜੀ ਮੱਦਦ ਭੇਜੀ ਗਈ ਸੀ। ਜੰਗਲੀ ਅੱਗਾਂ ਉੱਪਰ ਕਾਬੂ ਪਾਉਣ ਲਈ ਮੱਦਦ ਕਰ ਰਹੇ ਫੌਜ ਦੇ ਜਵਾਨਾਂ ਅਤੇ ਅਧਿਕਾਰੀਆਂ ਨਾਲ ਮੁਲਾਕਾਤ ਲਈ ਵਿਸ਼ੇਸ਼ ਤੌਰ ਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਐਡਮਿੰਟਨ ਪਹੁੰਚੇ ਅਤੇ ਉਹਨਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਇੱਥੇ ਇਹ ਵੀ ਵਰਨਣਯੋਗ ਹੈ ਕਿ ਇਹਨਾ ਅੱਗਾਂ ਨੂੰ ਕਾਬੂ ਕਰਨ ਲਈ ਅਮਰੀਕਾ ਤੋਂ ਵੀ 200 ਦੇ ਕਰੀਬ ਫਾਇਰ ਫਾਈਟਰ ਅਲਬਰਟਾ ਪਹੁੰਚੇ ਹਨ।

## ਹੁਣ ਕਿਰਾਏ ਉੱਪਰ ਥੋੜੇ ਸਮੇਂ ਲਈ ਦਿੱਤੇ ਘਰਾਂ ਦੀ ਵੀ ਰਜਿਸਟ੍ਰੈਸ਼ਨ ਕਰਵਾਉਣੀ ਹੋਵੇਗੀ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਪਿਛਲੇ ਦਿਨੀਂ ਕੁਬੈਕ ਦੇ ਸ਼ਹਿਰ ਮਾਂਟਰੀਅਲ ਵਿਚ ਇੱਕ ਇਮਾਰਤ ਨੂੰ ਅੱਗ ਲੱਗ ਗਈ ਸੀ ਜਿਸ ਵਿੱਚ ਸੱਤ ਜਣਿਆਂ ਦੀ ਮੌਤ ਹੋ ਗਈ ਸੀ । ਇਸ ਇਮਾਰਤ ਨੂੰ ਗੈਰ-ਕਨੂੰਨੀ ਢੰਗ ਦੇ ਨਾਲ ਏਅਰ ਬੀ ਐਨ ਬੀ ਰਾਹੀਂ ਕਰਾਏ ਤੇ ਦਿੱਤਾ ਜਾਂਦਾ ਸੀ। ਇਸ ਹਾਦਸੇ ਉਪਰੰਤ ਸਰਕਾਰ ਵੱਲੋਂ ਥੋੜ੍ਹੇ ਸਮੇਂ ਲਈ ਕਿਰਾਏ ਤੇ ਦਿੱਤੀਆਂ ਜਾਣ ਵਾਲੀਆਂ ਪ੍ਰਾਪਰਟੀਆਂ ਨੂੰ ਰਜਿਸਟਰਡ ਕਰਨ ਲਈ ਕਦਮ ਚੁੱਕੇ ਗਏ ਹਨ ਜਿਸ ਉਪਰੰਤ ਹੁਣ ਵੱਖ ਵੱਖ ਸੂਬਿਆਂ ਵਿਚ ਵੀ ਇਸ ਤਰ੍ਹਾਂ ਦੇ ਕਦਮ ਚੁੱਕਣ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ

# ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿਥ ਨੇ ਅੱਗ ਬੁਝਾਉਣ ਆਏ ਫੌਜੀਆਂ ਨਾਲ ਮਿਲਣੀ ਕੀਤੀ



ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਪ੍ਰੀਮੀਅਰ ਡੈਨੀਅਲ ਸਮਿਥ ਨੇ ਐਡਮਿੰਟਨ ਵਿੱਚ ਮਿਲਟਰੀ ਦੇ ਉਨ੍ਹਾਂ ਮੈਂਬਰਾਂ ਨਾਲ ਮੁਲਾਕਾਤ ਕੀਤੀ ਜੋ 8 ਮਈ, 2023 ਤੋਂ ਅਲਬਰਟਾ ਦੇ ਜੰਗਲਾਂ ਵਿੱਚ ਅੱਗ ਬੁਝਾਉਣ ਲਈ ਮਦਦਗਾਰ ਦੇ ਰੂਪ ਵਿੱਚ ਖੜੇ ਹਨ। ਵਰਨਣਯੋਗ ਹੈ ਕਿ ਕੈਨੇਡੀਅਨ ਆਰਮਡ ਫੋਰਸਿਜ਼ ਦੇ ਮੈਂਬਰਾਂ ਨੂੰ ਅਲਬਰਟਾ ਵਿੱਚ ਡਿਊਟੀ ਉੱਪਰ ਤੈਨਾਤ ਕੀਤਾ ਜਾ ਰਿਹਾ ਹੈ ਕਿਉਂਕਿ ਆਉਣ ਵਾਲੇ ਦਿਨਾਂ ਵਿੱਚ ਗਰਮੀਂ ਵਧਣ ਦੇ ਅਨਮਾਨ ਕਾਰਣ ਅੱਗ ਲੱਗਣ ਦੀਆਂ ਘਟਨਾਵਾਂ ਹੋਰ ਵੀ ਵਧ ਸਕਦੀਆਂ ਹਨ । ਅਲਬਰਟਾ ਦੇ ਜੰਗਲਾਂ ਵਿੱਚ ਲੱਗੀ ਅੱਗ ਵਿੱਚ ਮਦਦ ਲਈ 300 ਸੈਨਿਕ ਤਾਇਨਾਤ ਕੀਤੇ ਜਾ ਰਹੇ ਹਨ। ਬੀਤੇ ਕਈ ਦਿਨਾਂ ਅਲਬਰਟਾ ਅੰਦਰ ਸੂਬਾਈ ਐਮਰਜੈਂਸੀ ਵੀ ਲਾਗੂ ਹੈ। ਸੂਬੇ ਵਿੱਚ 74 ਜੰਗਲੀ ਅੱਗਾਂ ਲੱਗੇ ਹੋਣ ਦੀ ਖ਼ਬਰ ਹੈ ਜਿਨ੍ਹਾਂ ਵਿੱਚ 21 ਥਾਵਾਂ ਉੱਪਰ ਇਹ ਅੱਗਾਂ ਕਾਬੂ ਤੋਂ ਬਾਹਰ ਹਨ। ਅਲਬਰਟਾ ਸਰਕਾਰ ਨੇ ਇਹ ਵੀ ਐਲਾਨ ਕੀਤਾ ਹੈ ਹੈ ਕਿ ਉਹ ਕੈਨੇਡੀਅਨ ਰੈੱਡ ਕਰਾਸ ਦੇ ਨਾਲ ਇੱਕ ਦਾਨ-ਮੇਲ ਪ੍ਰੋਗਰਾਮ ਵਿੱਚ ਫੈਡਰਲ ਸਰਕਾਰ ਵਿੱਚ ਸ਼ਾਮਲ ਹੋਵੇਗੀ ਜਿਸ ਵਿੱਚ ਹਰ $1 ਦਾਨ $3 ਬਣ ਜਾਵੇਗਾ।



















# "ਗੱਲ ਘਰ-ਘਰ ਦੀ"

## ਅਪਰੈਲ ਵਿਚ ਕੈਲਗਰੀ ਦੇ ਘਰਾਂ ਦੀ ਵਿਕਰੀ ਵੀ ਵਧੀ ਤੇ ਕੀਮਤ ਵੀ!

Amu Nagar
Real Estate Professional
403-401-9000
Amunagar@gmail.com
Amu Nagar
eXp REALTY

ਬੈਂਕ ਵਿਆਜ ਦਰਾਂ ਵਧਾ ਕੇ ਬੈਂਕ ਔਫ਼ ਕੈਨੇਡਾ ਨੇ ਭਾਵੇਂ ਲੋਕਾਂ ਦੀਆਂ ਜੇਬਾਂ ਉੱਪਰ ਬੋਝ ਵਧਾ ਦਿੱਤਾ ਹੈ ਪਰ ਘਰਾਂ ਦੀਆਂ ਕੀਮਤਾਂ ਕੁੱਝ ਚਿਰ ਟਿਕੀਆਂ ਰਹਿਣ ਮਗਰੋਂ (ਅਤੇ ਵੈਨਕੂਵਰ ਅਤੇ ਟੋਰੰਟੋ ਵਿੱਚ ਡਿੱਗਣ ਮਗਰੋਂ) ਮੁੜ ਚੜ੍ਹਨੀਆਂ ਸ਼ੁਰੂ ਹੋ ਗਈਆਂ ਹਨ। ਕੈਲਗਰੀ ਵਿੱਚ ਔਸਤਨ ਕੀਮਤ ਵਧ ਕੇ 5 ਲੱਖ, 50 ਹਜ਼ਾਰ, 800 ਡਾਲਰ 'ਤੇ ਅੱਪੜ ਗਈ ਹੈ। ਪਹਿਲਾਂ ਮਾਰਕਿਟ ਵਿੱਚੋਂ ਗਾਇਬ ਹੋਏ ਵਿਕਰੀ ਵਾਲੇ ਘਰ ਵੀ ਹੁਣ ਹੌਲੀ ਹੌਲੀ ਵਾਪਿਸ ਪਰਤਣ ਲੱਗੇ ਹਨ। ਕੀਮਤਾਂ ਵਿੱਚ ਪਿਛਲੇ ਸਾਲ ਨਾਲੋਂ ਵਾਧਾ ਹੋ ਗਿਆ ਹੈ। ਪਿਛਲੇ ਸਾਲ ਘਰ ਦੀ ਔਸਤਨ ਕੀਮਤ 5 ਲੱਖ, 49 ਸਜ਼ਾਰ, 524 ਡਾਲਰ ਸੀ। ਹੁਣ ਮੌਕਾ ਹੈ ਕਿ ਘਰ ਦੀ ਖ਼ਰੀਦ ਕਰ ਲਈ ਜਾਵੇ ਪਰ ਮੌਰਗੇਜ ਬੰਦੋਬਸਤ ਜ਼ਰੂਰ ਪੁਖ਼ਤਾ ਹੋਣਾ ਚਾਹੀਦਾ ਹੈ।

# ਮੈਕਸੀਕੋ 'ਚ ਵਾਪਰੇ ਭਿਆਨਕ ਸੜਕ ਹਾਦਸੇ 'ਚ 26 ਜਣਿਆਂ ਦੀ ਮੌਤ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਮੈਕਸੀਕੋ ਵਿੱਚ ਇੱਕ ਭਿਆਨਕ ਸੜਕ ਹਾਦਸਾ ਵਾਪਰਿਆ ਹੈ ਹੈ। ਉੱਤਰੀ ਰਾਜ ਤਾਮਾਉਲਿਪਾਸ ਵਿੱਚ ਇੱਕ ਹਾਈਵੇਅ ਉੱਤੇ ਇੱਕ ਟਰੈਕਟਰ ਟਰੇਲਰ ਅਤੇ ਇੱਕ ਵੈਨ ਦੀ ਟੱਕਰ ਹੋ ਗਈ, ਜਿਸ ਤੋਂ ਬਾਅਦ ਵੈਨ ਵਿੱਚ ਅੱਗ ਲੱਗ ਗਈ। ਹਾਦਸਾ ਇੰਨਾ ਭਿਆਨਕ ਸੀ ਕਿ 26 ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਸਥਾਨਕ ਅਧਿਕਾਰੀਆਂ ਅਨੁਸਾਰ, ਸੂਬੇ ਦੀ ਰਾਜਧਾਨੀ ਸਿਉਡਾਡ ਵਿਕਟੋਰੀਆ ਦੇ ਬਾਹਰਵਾਰ ਹਾਈਵੇਅ 'ਤੇ ਇਹ ਹਾਦਸਾ ਵਾਪਰਿਆ। ਤਾਮੌਲੀਪਾਸ ਦਫਤਰ ਦੇ ਇੱਕ ਸੂਤਰ ਨੇ ਕਿਹਾ ਕਿ ਜਾਂਚਕਰਤਾ ਇਸ ਗੱਲ ਨੂੰ ਲੈ ਕੇ ਅਨਿਸ਼ਚਿਤ ਸਨ ਕਿ ਟਰੱਕ ਦਾ ਡਰਾਈਵਰ ਭੱਜ ਗਿਆ ਜਾਂ ਹਾਦਸੇ ਵਿੱਚ ਮਾਰਿਆ ਗਿਆ। ਸੂਤਰ ਨੇ ਦੱਸਿਆ ਕਿ ਵੈਨ 'ਚ ਸਵਾਰ ਯਾਤਰੀਆਂ 'ਚ ਬੱਚੇ ਵੀ ਸ਼ਾਮਲ ਸਨ। ਸੂਤਰ ਮੁਤਾਬਕ ਸਾਰੇ ਪੀੜਤ ਮੈਕਸੀਕਨ ਸਨ ਅਤੇ ਉਨ੍ਹਾਂ ਕੋਲੋਂ ਰਾਸ਼ਟਰੀ ਪਛਾਣ ਪੱਤਰ ਬਰਾਮਦ ਹੋਏ ਹਨ।

STANCE PHYSIO
CHIRO & MASSAGE
Psychological/Mental Health Counselling Available
ਫਿਜ਼ੀਓਥਰੈਪੀ ਦੀਆਂ ਬੇਹਤਰੀਨ ਸੇਵਾਵਾਂ ਲਈ ਯਾਦ ਰੱਖੋ
ਸਾਇਕੋਲੋਜੀਕਲ / ਮੈਂਟਲ ਹੈਲਥ ਕੌਂਸਲਿੰਗ ਵੀ ਕੀਤੀ ਜਾਂਦੀ ਹੈ
ਅਸੀਂ ਪੰਜਾਬੀ, ਹਿੰਦੀ,ਉਰਦੂ ਅਤੇ ਅੰਗਰੇਜ਼ੀ ਬੋਲਦੇ ਹਾਂ
- Massage Therapy, Acupuncture/Dry Needling
- Manual Therapy Exercise Prescription
- Pain management post injury, arthritis, sprain/strain etc.
- Post MVA (Motor Vehicle Accident) recovery I WCB 1 PVT Insurance.
- Postural Correction & management.
- Neuro Muscular dysfunction
- Post Stroke Rehabilitation
- Pelvic Floor dysfunction
- Temporomandibular Joint (TMJ)
www.stancephysio.com
Ph: +1(825)513-0151
Address: 470, 10980 38St NE AB Calgary

ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸ਼ੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8

ਦਾਖਲਾ ਸ਼ੁਰੂ ਹੈ New batch starat
ਖੁਦ ਕੰਮ ਸਿੱਖਕੇ ਆਪਣੇ ਘਰ ਬੈਠਿਆਂ ਆਪਣਾ ਬਿਜ਼ਨਿਸ ਚਲਾਓ
GD COLLEGE CALGARY
INDIVIDUAL COURSES
- Eyelash Extensions
- Eye brow/Eyelash Tinting
- Eyelash Lift up
- Waxing • Facials
- Threading
International Students accepting
- Makeup
- Hair styling
- Manicure/Pedicure
- Microdermabrasion
- Artificial Nails
DIPLOMA PROGRAMS
- Esthetics Diploma • Makeup Artistry Diploma
- Nail Technician Diploma • Clinical Esthetics
We Provide Laser Hair Removal Treatments
ਸਟੂਡੈਂਟਸ ਲੋਨ ਵੀ ਮਿਲਦਾ ਹੈ
ਆਮ ਜ਼ਿੰਦਗੀ ਨੂੰ ਕਲਾ ਵਿੱਚ ਬਦਲੋ
Contact Us:
587-349-1110
www.gdcollege.ca | E-mail: info@gdcollege.ca
108-1935 27th Ave NE, Calgary, AB, T2E 4E7

Sidhu Accounting & Financial Services
Accounting Services
Personal Tax Returns
- Corporate Tax Returns
- Computerized Bookkeeping
- T4's
- Record of Employment
Financial Services
- RRSP
- Life Insurance
Term Life
Universal Life
- Critical Illness Insurance
- Segregated Funds
IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5

NE NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖ਼ਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact:
DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

P PEEL FINANCIAL
LEASING & FINANCE
Experts in
Commercial & Industrial Finance
Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੇਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869
(Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205

ਪੁਰਾਣੀ ਕਾਰ ਘਰੋਂ ਚੁੱਕਵਾਓ-ਵਧੀਆ ਡਾਲਰ ਜੇਬ ਵਿੱਚ ਪਾਓ
ਡਾਲੇ ਵਾਲੇ ਗਿੱਲ ਭਰਾਵਾਂ ਦੀਆਂ ਸੇਵਾਵਾਂ ਤੁਹਾਡੀ ਸੇਵਾ ਵਿੱਚ
BLACK DIAMOND
Auto Parts & Recycling
We sell quality used Auto Parts for Cars, Trucks and Vans
We Buy Scrap Cars
#2, 168 Street W
Black Diamond, AB
www.RetireMyCar.com
Ph: 403-561-0126
Ph: 403-999-0127
ਇੰਜਣ, ਟਰਾਂਸਮਿਸ਼ਨ, ਟਾਇਰ ਗੱਲ ਕੀ ਹਰ ਕਿਸਮ ਦੀਆਂ ਗੱਡੀਆ ਦੇ ਹਰ ਕਿਸਮ ਦੇ ਸਪੇਅਰ ਪਾਰਟਸ ਅਤੇ ਨਵੀਂ ਨਕੋਰ ਲੁੱਕ ਵਾਲੀਆ ਪੁਰਾਣੀਆਂ ਕਾਰਾਂ ਤੁਹਾਡੇ ਬੱਜਟ ਅਨੁਸਾਰ ਲਵੋਂ।
ਰਾਜ ਗਿੱਲ ਨੂੰ ਫੋਨ ਘੁੰਮਾਓ - ਝੱਟ ਕਾਰ ਦੇ ਮਾਲਕ ਬਣ ਜਾਓ

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141

INDIA PALACE
Restaurant & Sweets
ਤੁਹਾਡੇ ਏਰੀਏ ਵਿੱਚ ਈਸਟ ਇੰਡੀਅਨ ਰੈਸਟੋਰੈਂਟ ਜਿੱਥੇ ਤੁਸੀਂ ਸਵਾਦੀ ਖਾਣੇ ਤਾਜੇ ਸਮੋਸੇ, ਗੋਲਗੱਪੇ, ਚਾਟ ਬਗੈਰਾ ਅਤੇ ਤਾਜ਼ੀਆਂ ਮਠਿਆਈਆਂ ਦੇ ਨਾਲ-ਨਾਲ ਮਸਾਲਾ-ਡੋਸਾ ਅਤੇ ਇਡਲੀ ਸਾਂਬਰ ਆਦਿ ਦਾ ਆਨੰਦ ਮਾਣ ਸਕਦੇ ਹੋ।
ਮੱਕੀ ਦੀ ਰੋਟੀ ਸਰੋਂ ਦਾ ਸਾਗ
We do Catering for all Occasions Call us for Advance Booking!
Lunch Special : 7 Days A Week
10% OFF for Catering only
Now We Open 7 Days a week
Ph : 403-285-3097
Cell : 403-870-3227
Bay #10, 5700, Falsbridge Dr. N.E Calgary, T3J 3H4

# ਸੰਪਾਦਕੀ



**ਅਗਲੇ ਕਦਮ ਲਈ ਸਦਭਾਵਨਾ ਲਾਜ਼ਿਮ ਹੈ।**
**- ਸੈਲੂਸਟ**

## ਆਪਣੇ ਬੱਚਿਆਂ ਨੂੰ ਪੌੜੀ ਨਾ ਬਣਾਓ

ਪੰਜਾਬ ਦੇ ਆਮ ਘਰਾਂ ਅੰਦਰ ਜੇਕਰ ਰੋਜ਼ਾਨਾ ਜ਼ਿੰਦਗੀ ਦੀ ਗੱਲਬਾਤ ਵਿੱਚੋਂ ਕੁੱਝ ਕੁ ਅੰਸ਼ ਕੱਢਣੇ ਹੋਣ ਤਾਂ ਉਹ ਇਸ ਤਰਾਂ ਹਨ ਕਿ ਤੁਹਾਡੇ ਬੱਚੇ ਬਾਰਵੀਂ ਚੋਂ ਪਾਸ ਹੋ ਗਏ ਕਿ ਨਹੀਂ ? ਔਹ ਫਲਾਣੇ ਆਈਲੈਟਸ ਆਲੇ ਬਾਹਲੇ ਨੰਬਰ ਦਿਵਾਉਂਦੇ ਨੇ ਉਹਨਾਂ ਕੋਲੇ ਹੀ ਲਾਇਓ! ਥੋਡੇ ਮੁੰਡੇ ਦੇ ਆਈਲੈਟਸ ਦਾ ਕੀ ਬਣਿਆ। ਕਿਹੜਾ ਆਈਲੈਟਸ ਸੈਂਟਰ ਚੰਗਾ ਹੈ। ਸਾਡੇ ਮੁੰਡੇ ਦੇ ਤਾਂ ਪੰਜ ਤੋਂ ਵੱਧਦੇ ਹੀ ਨਹੀਂ, ਸੈਂਟਰ ਵੀ ਕਿੰਨੇ ਹੀ ਬਦਲਕੇ ਦੇਖ ਲਏ ਹਨ। ਥੋਡੀ ਕੁੜੀ ਦੀ ਫਾਈਲ ਲੱਗ ਗਈ ਕਿ ਨਹੀਂ ? ਸਾਡੇ ਫਲਾਣੀ ਰਿਸ਼ਤੇਦਾਰੀ ਵਿੱਚੋਂ ਮੁੰਡੇ ਨੇ ਕਿੰਨੇ ਵਾਰੀ ਪੇਪਰ ਦਿੱਤੇ ਪਰ ਪੰਜ ਤੋਂ ਨੀ ਵਧਿਆ ਪਰ ਹੁਣ ਅੱਕਕੇ ਬੈਂਡਾ ਆਲੀ ਕੁੜੀ ਲੱਭੀ ਐ ! ਵਿਆਹ ਦਾ ਖਰਚਾ ਤੇ ਸਾਰੀਆਂ ਫੀਸਾਂ ਭਰਨ ਦੀ ਗੱਲ ਹੋਈ ਐ ਕਹਿੰਦੇ ਫੇਰ ਵੀ ਕੋਈ ਘਾਟੇ ਆਲਾ ਸੌਦਾ ਨੀ! ਘਰਾਂ ਅੰਦਰ ਗੱਲਾਂ ਜੋ ਵੀ ਹੋਣ,ਤਰੀਕਾ ਜਿਹੜਾ ਮਰਜੀ ਹੋਵੇ ! ਬੱਚੇ ਬਾਹਰਲੇ ਮੁਲਕਾਂ ਵਿੱਚ ਪਹੁੰਚ ਰਹੇ ਹਨ। ਹੁਣ ਕਈ ਲੋਕ ਕਹਿੰਦੇ ਹਨ ਕਿ ਬੱਚਿਆਂ ਨੂੰ ਬਾਹਰਲੇ ਮੁਲਕ ਨਹੀਂ ਭੇਜਣਾ ਚਾਹੀਦਾ ਪਰ ਅਸੀਂ ਇਸ ਵਿਚਾਰ ਨਾਲ ਸਹਿਮਤ ਨਹੀਂ ਹਾਂ। ਚੰਗੇ ਭਵਿੱਖ ਲਈ ਯੁੱਗਾਂ ਯੁਗਾਂਤਰਾਂ ਤੋਂ ਮਨੁੱਖ ਪਰਵਾਸ ਕਰਦਾ ਆਇਆ ਹੈ,ਕਰਦਾ ਰਹੇਗਾ ਅਤੇ ਕਰਨਾ ਚਾਹੀਦਾ ਵੀ ਹੈ। ਘਰ ਅੰਦਰ ਬੈਠਿਆਂ ਵਿਕਾਸ ਬਾਰੇ ਸੋਚਿਆ ਤਾਂ ਜਾ ਸਕਦਾ ਹੈ ਪਰ ਵਿਕਾਸ ਦੇ ਦਰਸਨ ਨਹੀਂ ਹੋ ਸਕਦੇ। ਬੱਚੇ ਜੋ ਆਪਣੇ ਚੰਗੇ ਭਵਿੱਖ ਲਈ ਕਰ ਰਹੇ ਹਨ ਉਹ ਚੰਗੀ ਗੱਲ ਹੈ । ਕਨੇਡਾ ਦੀ ਧਰਤੀ ਉੱਪਰ ਆਏ ਬੱਚਿਆ ਨੂੰ ਦੇਖ ਮਨ ਖੁਸ਼ ਹੁੰਦਾ ਹੈ ਕਿ ਇੰਨੀ ਛੋਟੀ ਉਮਰ ਵਿੱਚ ਇਹਨਾਂ ਨੇ ਕਿੱਡੀ ਵੱਡੀ ਉਡਾਰੀ ਭਰੀ ਹੈ ਉਹਨਾਂ ਦੇ ਉਡਾਣ ਭਰਨ ਵਾਲੇ ਖੰਭਾਂ ਨੂੰ ਦਾਦ ਦੇਣੀ ਬਣਦੀ ਹੈ । ਪਰ ਨਾਲ ਹੀ ਮਨ ਅੰਦਰ ਉਹਨਾਂ ਦੇ ਧੁੰਦਲੇ ਭਵਿੱਖ ਦੀ ਤਸਵੀਰ ਵੀ ਕਈ ਵਾਰ ਸਾਹਮਣੇ ਆ ਖਲੋਂਦੀ ਹੈ। ਜਦੋਂ ਫੀਸਾਂ ਭਰਨ ਲਈ ਕੰਮਾਂਕਾਰਾਂ ਸਬੰਧੀ ਤਰਲੋਮੱਛੀ ਹੁੰਦੇ ਇਹਨਾਂ ਬੱਚਿਆਂ ਦਾ ਸ਼ੋਸਣ ਹੁੰਦਾ ਦੇਖਦੇ ਹਾਂ ਤਾਂ ਫਿਰ ਉਸੇ ਵਕਤ ਉਹਨਾਂ ਦੇ ਮਾਪਿਆਂ ਉੱਪਰ ਖਿਝ ਵੀ ਆਉਂਦੀ ਹੈ ਕਿ ਉਹਨਾਂ ਨੇ ਇਹਨਾਂ ਨੂੰ ਇੰਨੀ ਛੋਟੀ ਉਮਰ ਵਿੱਚ ਤੋਰਨ ਮੌਕੇ ਇਹ ਕਿਉਂ ਨਹੀਂ ਸੋਚਿਆ ਕਿ ਜਦੋਂ ਉਹ ਇਸ ਉਮਰ ਵਿੱਚ ਸਨ ਤਾਂ ਕੀ ਉਹ ਐਡੇ ਵੱਡੇ ਫੈਸਲੇ ਲੈਣ ਦੇ ਕਾਬਿਲ ਸਨ? ਜੋ ਫੈਸਲੇ ਉਹਨਾਂ ਦੇ ਬੱਚਿਆਂ ਨੂੰ ਇਸ ਵਕਤ ਲੈਣੇ ਪੈ ਰਹੇ ਹਨ। ਬੱਚਿਆਂ ਦੇ ਕਨੇਡਾ ਪਹੁੰਚਣ ਉਪਰੰਤ ਇੱਕ ਹੋਰ ਵੱਡੀ ਗਲਤੀ ਮਾਪਿਆਂ ਵੱਲੋਂ ਹੁੰਦੀ ਹੈ, ਉਹ ਹੈ ਮਾਪਿਆਂ ਨੂੰ ਜਹਾਜ ਚੜ੍ਹਨ ਦੀ ਕਾਹਲੀ। ਬੱਚੇ ਨੂੰ ਹਾਲੇ ਕੁੱਝ ਸਮਾਂ ਹੀ ਕਨੇਡਾ ਆਏ ਨੂੰ ਹੋਇਆ ਹੁੰਦਾ ਹੈ ਕਿ ਮਾਪਿਆਂ ਵੱਲੋਂ ਉਸ ਉੱਪਰ ਜ਼ੋਰ ਪਾਇਆ ਜਾਂਦਾ ਹੈ ਕਿ ਉਹਨਾਂ ਨੂੰ ਛੇਤੀ ਸਪਾਂਸਰਸਿੱਪ ਭੇਜੋ ਤਾਂ ਕਿ ਉਹ ਵੀ ਛੇਤੀ ਛੇਤੀ ਜਹਾਜ ਦੀ ਬਾਰੀ ਨੂੰ ਹੱਥ ਪਾਕੇ ਕਨੇਡਾ ਪਹੁੰਚ ਸੋਸਲ ਮੀਡੀਆ ਉੱਪਰ ਫੋਟੋਆਂ ਪਾ ਸਕਣ। ਪਰ ਕਨੇਡਾ ਦੇ ਹਾਲਾਤ ਇਹ ਹੁੰਦੇ ਹਨ ਕਿ ਉਹਨਾ ਦਾ ਮੁੰਡਾ ਕੁੜੀ ਹਾਲੇ ਤੱਕ ਆਪਣੇ ਨਾਲ ਦੇ ਸਾਥੀ ਮੁੰਡੇ ਕੁੜੀਆਂ ਨਾਲ ਰੂਮ ਸ਼ੇਅਰ ਕਰਕੇ ਮਸਾਂ ਫੀਸਾਂ ਭਰਨ ਜੋਗਾ ਔਖਾ ਸੌਖਾ ਗੁਜਾਰਾ ਕਰ ਰਿਹਾ ਹੁੰਦਾ ਹੈ । ਹੁਣ ਜਦੋਂ ਮਾਂ ਪਿਉ ਨੇ ਕਨੇਡਾ ਆਉਣਾ ਹੈ ਤਾਂ ਉਸ ਨੂੰ ਅਲੱਗ ਕਮਰਾਜਾਂ ਬੇਸਮੈਂਟ ਜਾਂ ਅਪਾਰਟਮੈਂਟ ਇਕੱਲੇ ਨੂੰ ਕਿਰਾਏ ਉੱਪਰ ਲੈਣਾ ਪਵੇਗਾ ਤਾਂ ਉਸਦਾ ਖਰਚਾ ਚਾਰ ਗੁਣਾਂ ਵਧ ਜਾਵੇਗਾ। ਜਦੋਂ ਮਾਪੇ ਕਨੇਡਾ ਆਉਣਗੇ ਤਾਂ ਉਹਨਾਂ ਨੂੰ ਘੁੰਮਣ ਫਿਰਨ ਵਾਲੀਆਂ ਥਾਵਾਂ ਉੱਪਰ ਵੀ ਲੈਜਾਣਾ ਪਵੇਗਾ ਜਿਸ ਲਈ ਕਾਰ ਦੀ ਲੋੜ ਵੀ ਪਵੇਗੀ। ਕਾਰ ਦਾ ਖਰਚਾ ਵੀ ਮਾਪਿਆਂ ਕਾਰਣ ਵੀ ਵਧਿਆ ਹੈ । ਘੁੰਮਣ ਫਿਰਨ ਲਈ ਕੰਮ ਉੱਪਰੋਂ ਵੀ ਛੁੱਟੀ ਲੈਣੀ ਪਵੇਗੀ । ਇਸ ਮੌਕੇ ਦਿਹਾੜੀਆਂ ਤਾਂ ਮਰਦੀਆਂ ਹੀ ਹਨ ਪਰ ਕਈ ਵਾਰੀ ਕੰਮ ਦਾ ਮਾਲਕ ਕੰਮ ਤੋਂ ਜੁਆਬ ਵੀ ਦੇ ਦਿੰਦਾ ਹੈ। ਫਿਰ ਮਾਪੇ ਜੋ ਟਿਕਟਾਂ ਦਾ ਖਰਚਾ ਕਰਕੇ ਆਏ ਹਨ ਉਹ ਵੀ ਇਹੀ ਸੋਚਕੇ ਖਰਚ ਕੀਤਾ ਸੀ ਕਿ ਕਨੇਡਾ ਜਾਕੇ ਖਰਚੇ ਜੋਗਾ ਕੰਮ ਤਾਂ ਅਸੀਂ ਖੁਦ ਹੀ ਕਰ ਲਵਾਂਗੇ। ਸਗੋਂ ਵਾਪਿਸੀ ਮੌਕੇ ਖਰੀਦੋਫਰੋਖਤ ਵਾਲਾ ਖਰਚਾ ਵੀ ਬਣਾ ਲਵਾਂਗੇ। ਇਸ ਹਾਲਤ ਵਿੱਚ ਆਕੇ ਮੁਸੀਬਤ ਬਣ ਜਾਂਦੀ ਹੈ। ਮਾਪਿਆਂ ਕੋਲ ਕੰਮ ਕਰਨ ਦੀ ਇਜਾਜਤ ਨਹੀਂ ਹੁੰਦੀ ਉਹ ਕੈਸ਼ ਉੱਪਰ ਕੰਮ ਲੱਭਦੇ ਫਿਰਦੇ ਹਨ । ਕਈ ਵਾਰ ਕੈਸ਼ ਉੱਪਰ ਕੰਮ ਕਰਦਿਆਂ ਦੁਰਘਟਨਾਵਾਂ ਵਾਪਰ ਜਾਂਦੀਆਂ ਹਨ। ਕੋਈ ਇੰਸ਼ੋਰੈਂਸ ਨਹੀਂ ਲਈ ਹੁੰਦੀ ਫਿਰ ਗੁਰੂਘਰਾਂ ਮੰਦਿਰਾਂ ਵਿੱਚ ਫੰਡ ਇਕੱਠਾ ਕਰਨ ਲਈ ਟੇਬਲ ਲੱਗੇ ਹੁੰਦੇ ਹਨ ਕਿ ਹਸਪਤਾਲ ਦਾ ਬਿੱਲ 4 ਲੱਖ ਡਾਲਰ ਹੋ ਗਿਆ ਹੈ ਮਿਰਤਕ ਦੇਹ ਪੰਜਾਬ ਭੇਜਣੀ ਹੈ ਆਦਿ ਆਦਿ । ਸੋ ਮਾਪਿਆਂ ਨੂੰ ਬੇਨਤੀ ਹੈ ਕਿ ਜਿੰਨਾ ਚਿਰ ਬੱਚਾ ਉਸ ਮੁਲਕ ਵਿੱਚ ਪੱਕਾ ਹੋਕੇ ਆਪਣੇ ਪੈਰਾਂ ਉੱਪਰ ਖੜਾ ਨਹੀਂ ਹੋ ਜਾਂਦਾ ਉਨਾ ਚਿਰ ਮਾਪਿਆਂ ਨੂੰ ਕਨੇਡਾ ਆਉਣ ਦੀ ਕਾਹਲੀ ਨਹੀਂ ਕਰਨੀ ਚਾਹੀਦੀ । ਫਿਰ ਜਦੋਂ ਵੀ ਆਉਣਾ ਹੈ ਤਾਂ ਜਿਆਦਾ ਤੋਂ ਜਿਆਦਾ ਕਵਰੇਜ ਵਾਲੀ ਇੰਸੋਰੈਂਸ ਜਰੂਰ ਲੈ ਲੈਣੀ ਚਾਹੀਦੀ ਹੈ ਤਾਂ ਕਿ ਮਾੜੇ ਵਕਤ ਸਹਾਰਾ ਲੱਗ ਸਕੇ ਅਤੇ ਤੁਹਾਡੇ ਬੱਚਿਆਂ ਨੂੰ ਕਿਸੇ ਅੱਗੇ ਹੱਥ ਨਾ ਅੱਡਣੇ ਪੈਣ।ਇੱਕ ਸਲਾਹ ਹੈ ਕਿ ਹੋ ਸਕੇ ਤਾਂ ਬੱਚਿਆਂ ਨੂੰ ਬਾਰਵੀਂ ਕਲਾਸ ਤੋਂ ਬਾਦ ਕੋਈ ਡਿਗਰੀ ਬਗੈਰਾ ਕਰਵਾਕੇ ਹੀ ਭੇਜਣਾ ਚਾਹੀਦਾ ਹੈ। ਇਸ ਤਰਾਂ ਕਰਨ ਨਾਲ ਇੱਕ ਤਾਂ ਉਹਨਾਂ ਦੀ ਵਿਅਿਕ ਯੋਗਤਾ ਵਧ ਜਾਵੇਗਾ ਦੂਜੀ ਗੱਲ ਉਹਨਾਂ ਦੀ ਉਮਰ ਵਿੱਚ ਵੀ ਪਰਪੱਕਤਾ ਆ ਜਾਵੇਗੀ। ਪਰ ਜਿਹੜਾ ਰੁਝਾਨ ਇਹਨੀ ਦਿਨੀ ਬਣਿਆ ਹੋਇਆ ਹੈ ਕਿ ਬੱਚਿਆਂ ਨੂੰ ਬਾਹਰ ਭੇਜੋ ਅਤੇ ਫਿਰ ਆਪ ਵੀ ਆਪਣੇ ਜਹਾਜ ਚੜ੍ਹਨ ਵਾਲਾ ਸੁਪਨਾ ਪੂਰਾ ਕਰ ਲਓ । ਪੰਜਾਬੀਓ ਸੁਪਨੇ ਪੂਰੇ ਜਰੂਰ ਕਰੋ । ਜਹਾਜ ਜਰੂਰ ਚੜੋ ਪਰ ਇਸ ਮੌਕੇ ਆਪਣੇ ਬੱਚਿਆਂ ਨੂੰ ਪੌੜੀ ਨਾ ਬਣਾਓ ।

**ਸੁਖਜਿੰਦਰ ਸਮਰਾ**
**ਮੋ. 1 780 300 2000**

**403 640 2000**
**punjabiakhbaar@gmail.com**

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

# ਚੋਣ ਵਾਇਦੇ ਅਤੇ ਤੋਹਫੇ: ਲੋਕਤੰਤਰ ਲਈ ਕਿੰਨੀ ਕੁ ਥਾਂ ਬਚੇਗੀ?



**ਗੁਰਮੀਤ ਸਿੰਘ ਪਲਾਹੀ**
**-9815802070**



ਲੋਕਤੰਤਰੀ ਦੇਸ਼ ਭਾਰਤ ਚੋਣਾਂ ਦਾ ਦੇਸ਼ ਹੈ। ਇੱਕ ਆਮ ਚੋਣ ਮੁਕਦੀ ਹੈ, ਦੂਜੀ ਆ ਖੜੀ ਹੁੰਦੀ ਹੈ। ਕੌਂਸਲ, ਕਾਰਪੋਰੇਸ਼ਨ, ਪੰਚਾਇਤ, ਸੰਮਤੀਆਂ, ਪੰਚਾਇਤਾਂ ਦੀਆਂ ਆਮ ਚੋਣਾਂ ਅਤੇ ਫਿਰ ਮੱਧਕਾਲੀ ਚੋਣਾਂ ਜਾਂ ਫਿਰ ਚੁਣੇ ਉਮੀਦਵਾਰ ਦੇ ਮਰਨ ਜਾਂ ਕਿਸੇ ਹੋਰ ਕਾਰਨ ਖ਼ਾਲੀ ਹੋਈ ਸੀਟ ਦੇ ਮੁੜ ਸੀਟ ਭਰਨ ਲਈ ਚੋਣਾਂ। ਇਹ ਚੋਣਾਂ ਨੇਤਾਵਾਂ ਲਈ ਤਾਂ ਜਿਵੇਂ ਵਿਆਹ ਦੀ ਖੁਸ਼ੀ ਸਮਾਨ ਹਨ, ਪਰ ਆਮ ਲੋਕਾਂ ਲਈ ਤਾਂ ਹਨ ਕਈ ਹਾਲਤਾਂ ਵਿੱਚ ਦਿੱਕਤਾਂ ਦਾ ਕਾਰਨ।

ਦਿਨ ਪ੍ਰਤੀ ਵੱਧਦੀ ਮਹਿੰਗਾਈ, ਆਰਥਿਕ ਕਾਣੀ ਵੰਡ, ਭ੍ਰਿਸ਼ਟਾਚਾਰ ਅਤੇ ਧੱਕੇ-ਧੌਂਸ ਤੋਂ ਪ੍ਰੇਸ਼ਾਨ ਆਮ ਲੋਕ ਚੋਣਾਂ ਤੋਂ ਮੁੱਖ ਮੋੜਦੇ ਦਿਸਦੇ ਹਨ ਅਤੇ "ਕਿਸੇ ਨੂੰ ਵੀ ਵੋਟ ਨਹੀਂ ਦਾ ਰੁਝਾਨ " ਇਹਨਾਂ ਚੋਣਾਂ 'ਚ ਵੱਧਦਾ ਜਾ ਰਿਹਾ ਹੈ।ਪਰ ਇਸ ਸਭ ਕੁਝ ਦੇ ਬਾਵਜੂਦ ਚੋਣਾਂ ਤੋਂ ਪਹਿਲਾ ਸਿਆਸੀ ਪਾਰਟੀਆਂ ਵਲੋਂ ਲੋਕਾਂ ਲਈ ਤੋਹਫਿਆਂ, ਰਿਆਇਤਾਂ ਸਬਸਿਡੀਆਂ ਦੇ ਐਲਾਨ ਦੀ ਝੜੀ ਲਗਾ ਦਿੱਤੀ ਜਾਂਦੀ ਹੈ ਅਤੇ ਲੋਕ ਵੋਟਾਂ ਨੂੰ ਖਿੱਚਣ ਲਈ "ਕਲਿਆਣਕਾਰੀ ਯੋਜਨਾਵਾਂ" ਸਾਲ ਦਰ ਸਾਲ ਵੱਧਦੀਆਂ ਜਾ ਰਹੀਆਂ ਹਨ। ਇਹਨਾ ਮੁਫ਼ਤ ਸੁਵਿਧਾਵਾਂ, ਬਨਾਮ ਜਨ ਕਲਿਆਣ ਦੇ ਲਈ ਸਰਕਾਰ ਅਤੇ ਵਿਰੋਧੀ ਧਿਰ ਦੀਆਂ ਆਪੋ-ਆਪਣੀਆਂ ਦਲੀਲਾਂ ਹਨ। ਸਿਆਸੀ ਵਿਸ਼ਲੇਸ਼ਕ, ਅਰਥ ਸ਼ਾਸਤਰੀ ਅਤੇ ਸਮਾਜ ਵਿਗਿਆਨੀ ਇਹਨਾਂ ਨੂੰ ਮੁਫ਼ਤਖੋਰੀ, ਵੋਟਰਾਂ ਨੂੰ ਰਿਸ਼ਵਤ ਦੇਣਾ ਅਤੇ ਲੋਕਤੰਤਰੀ ਕਦਰਾਂ,ਕੀਮਤਾਂ ਲਈ ਖ਼ਤਰਾ ਦਸਦੇ ਹਨ।

ਗਰੀਬਾਂ ਦੇ ਕਲਿਆਣ ਲਈ ਮੁਫ਼ਤ ਤੋਹਫੇ ਜਾਂ ਸਹਾਇਤਾ ਜ਼ਰੂਰੀ ਹੁੰਦੇ ਹਨ, ਜੋ ਉਹਨਾ ਦੀਆਂ ਬੁਨਿਆਦੀ ਲੋੜਾਂ ਨੂੰ ਪੂਰਾ ਕਰ ਸਕਦੇ ਹਨ। ਪਰ ਕਈ ਹਾਲਤਾਂ ਵਿੱਚ ਇਹ ਦੇਸ਼ ਦੀ ਅਰਥ ਵਿਵਸਥਾ ਉੱਤੇ ਭਾਰ ਬਣੇ ਦਿਸਦੇ ਹਨ। ਇਹ ਗੱਲ ਸਮਝਣ ਵਾਲੀ ਹੈ ਕਿ ਜਨ ਕਲਿਆਣਕਾਰੀ ਯੋਜਨਾਵਾਂ ਅਤੇ ਮੁਫ਼ਤ ਤੋਹਫਿਆਂ ਵਿੱਚ ਫ਼ਰਕ ਦੀ ਇਕ ਬਰੀਕ ਰੇਖਾ ਹੈ। ਉਂਜ ਵੀ ਕਲਿਆਣਕਾਰੀ ਯੋਜਨਾਵਾਂ ਅਤੇ ਮੁਫ਼ਤ ਦੀਆਂ ਰਿਉੜੀਆਂ ਵੰਡਣ ਵਿੱਚ ਫ਼ਰਕ ਸਮਝਣ ਦੀ ਲੋੜ ਹੈ। ਇਸ ਫ਼ਰਕ ਨੂੰ ਸਮਝਦਿਆਂ ਲੋਕ ਹਿੱਤ ਵਿੱਚ ਕੀਤੀਆਂ ਰਿੱਟਾਂ ਆਦਿ 'ਚ ਅਦਾਲਤਾਂ ਨੇ ਸਪਸ਼ਟ ਨਿਸ਼ਾਨਦੇਹੀ ਤਾਂ ਕੀਤੀ ਹੀ ਹੈ, ਪਰ ਭਾਰਤੀ ਰਿਜ਼ਰਵ ਬੈਂਕ ਨੇ ਵੀ ਆਪਣੀ ਇੱਕ ਰਿਪੋਰਟ ਵਿੱਚ ਇਹਨਾਂ ਮੁਫ਼ਤ ਸੁਵਿਧਾਵਾਂ ਨੂੰ ਫਜ਼ੂਲ ਖ਼ਰਚੀ ਕਰਾਰ ਦਿੱਤਾ ਹੈ। ਰਿਪੋਰਟ ਅਨੁਸਾਰ ਇਹਨਾਂ ਬੇਲੋੜੀਆਂ ਫਜ਼ੂਲ ਖ਼ਰਚੀਆਂ ਕਾਰਨ ਸੂਬਿਆਂ ਦੇ ਵਿੱਤੀ ਹਾਲਾਤ ਖਸਤਾ ਹੋ ਰਹੇ ਹਨ ਅਤੇ ਸੂਬੇ ਕਰਜ਼ਾਈ ਹੋ ਰਹੇ ਹਨ।

ਸਾਲ 2020-21 ਵਿੱਚ ਛਪੀ ਭਾਰਤੀ ਰਿਜ਼ਰਵ ਬੈਂਕ ਦੀ ਰਿਪੋਰਟ ਇਹ ਵੀ ਕਹਿੰਦੀ ਹੈ ਕਿ ਭਾਰੀ ਕਰਜ਼ਦਾਰ ਰਾਜਾਂ ਵਿੱਚ ਜੀ.ਡੀ.ਐਸ.ਪੀ ਦੇ ਅਧਾਰ ਉਤੇ ਵਿੱਤੀ ਹਾਲਤ ਬਹੁਤ ਹੀ ਖਸਤਾ ਹੈ। ਪੰਜਾਬ 'ਚ ਜੀ.ਡੀ.ਐਸ.ਪੀ 53 ਫ਼ੀਸਦੀ ਹੈ, ਜੋ ਚਿੰਤਾ ਦਾ ਵਿਸ਼ਾ ਹੈ।

ਇਸੇ ਤਰ੍ਹਾਂ ਰਾਜਸਥਾਨ ਵਿੱਚ 39.5 ਫ਼ੀਸਦੀ, ਬਿਹਾਰ 'ਚ 38.6, ਕੇਰਲ 'ਚ 37 ਫ਼ੀਸਦੀ, ਉਤਰਪ੍ਰਦੇਸ਼ 'ਚ 34.9 ਪੱਛਮੀ ਬੰਗਾਲ 34.2, ਝਾਰਖੰਡ 33.0 ਆਂਧਰਾ ਪ੍ਰਦੇਸ਼ ਵਿੱਚ 32.5, ਮੱਧ ਪ੍ਰਦੇਸ਼ ਵਿੱਚ 31.3 ਅਤੇ ਹਰਿਆਣਾ ਵਿੱਚ 29 ਫ਼ੀਸਦੀ ਦੇ ਨਾਲ ਵੱਡੇ ਜੀ.ਡੀ. ਪੀ.ਐਸ. ਵਾਲੇ ਰਾਜ ਹਨ।

ਮੁਫ਼ਤ ਸੁਵਿਧਾਵਾਂ ਦੇ ਕੁਝ ਵਿਸ਼ੇਸ਼ ਪਹਿਲੂ ਹਨ। ਨੈਤਿਕ ਪਹਿਲੂ ਇਹ ਹੈ ਕਿ ਜਦ ਸਿਆਸੀ ਦਲਾਂ ਨੂੰ ਚੁਨਣ ਦੀ ਗੱਲ ਤੁਰਦੀ ਹੈ ਤਾਂ ਇਹ ਇਸ ਗੱਲ ਉੱਤੇ ਟਿਕ ਜਾਂਦੀ ਹੈ ਕਿ ਕੌਣ ਕਿੰਨਾ ਮੁਫ਼ਤ ਤੋਹਫਾ ਦੇਣ ਦੀ ਘੋਸ਼ਣਾ ਕਰਦਾ ਹੈ। ਆਰਥਿਕ ਘਰੇਲੂ ਇਹ ਹੈ ਕਿ ਸਰਕਾਰੀ ਖ਼ਜ਼ਾਨੇ ਤੋਂ ਮੁਫ਼ਤ ਉਪਹਾਰ ਰਾਜ ਦੀ ਆਰਥਿਕ ਬੇਹਤਰੀ ਲਈ ਕਿੰਨਾ ਬੇਹਤਰ ਅਤੇ ਟਿਕਾਊ ਹੈ।

ਉਂਜ ਇਹ ਗੱਲ ਵੀ ਬਹੁਤ ਸਪਸ਼ਟ ਹੈ ਕਿ ਸਿਆਸੀ ਦਲਾਂ ਦੇ ਤਰਕਹੀਣ ਚੋਣਾਂ ਦੇ ਨਫੇ- ਨੁਕਸਾਨ ਵਾਲੇ ਵਾਅਦੇ ਸਮਾਜਿਕ-ਆਰਥਿਕ ਵਿਕਾਸ ਦੀਆਂ ਸੰਭਾਵਨਾਵਾਂ ਨੂੰ ਧੁੰਧਲਾ ਕਰਦੇ ਹਨ।

ਮੁਫ਼ਤ ਤੋਹਫੇ ਵੰਡਣ ਦੇ ਹੱਕ ਵਿੱਚ ਭੁਗਤਣ ਵਾਲੇ ਲੋਕ ਇਹਨਾਂ ਤੋਹਫਿਆਂ ਜਾਂ ਸੇਵਾਵਾਂ ਸਰਕਾਰੀ ਖ਼ਜ਼ਾਨੇ ਵਿੱਚੋਂ ਦਿੱਤੀਆਂ ਜਾਂਦੀਆਂ ਹਨ। ਪਰ ਸਮਝਣ ਵਾਲੀ ਗੱਲ ਤਾਂ ਇਹ ਹੈ ਕਿ ਮੁਫ਼ਤ ਨੂੰ ਕੀ ਕਲਿਆਣਕਾਰੀ ਮੰਨਿਆ ਜਾ ਸਕਦਾ ਹੈ?

ਅਸਲ ਵਿੱਚ ਕਲਿਆਣਕਾਰੀ ਯੋਜਨਾਵਾਂ ਵਿੱਚ ਸਰਵਜਨਕ ਵੰਡ ਪ੍ਰਣਾਲੀ, ਰੋਜ਼ਗਾਰ ਗਰੰਟੀ ਯੋਜਨਾਵਾਂ ਤਾਂ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ, ਸਿੱਖਿਆ ਅਤੇ ਸਿਹਤ ਸਹੂਲਤਾਂ ਵੀ ਕਲਿਆਣਕਾਰੀ ਯੋਜਨਾਵਾਂ ਦਾ ਅੰਗ ਹਨ, ਪਰ ਮੁਫ਼ਤ ਬਿਜਲੀ, ਪਾਣੀ, ਮੁਫ਼ਤ ਬੱਸ ਸੇਵਾ, ਕਰਜ਼ਾ ਮੁਆਫ਼ੀ ਆਦਿ ਨੂੰ ਕਲਿਆਣਕਾਰੀ ਮੰਨਣ ਲਈ ਵਿਰੋਧ ਵਿਖਾਈ ਦਿੰਦਾ ਹੈ। ਉਂਜ ਭਾਰਤੀ ਅਰਥ ਵਿਵਸਥਾ ਵਿੱਚ ਗਰੀਬੀ ਅਤੇ ਗਰੀਬ-ਅਮੀਰ ਦੀ ਆਮਦਨ 'ਚ ਪਾੜਾ ਵੇਖਦਿਆਂ ਮੁਫ਼ਤ ਤੋਹਫੇ ਉਚਿਤ ਦਿਖਾਈ ਦਿੰਦੇ ਹਨ, ਕਿਉਂਕਿ ਇਹ ਜਨਤਾ ਨੂੰ ਅਸਥਾਈ ਰੂਪ ਵਿੱਚ ਰਾਹਤ ਦਿੰਦੇ ਹਨ। ਪਰ ਇਹ ਕਿਹਾ ਜਾਣ ਲੱਗ ਪਿਆ ਹੈ ਕਿ ਇਹ ਮੁਫ਼ਤ ਤੋਹਫੇ ਦੇਸ਼ ਦੇ ਆਰਥਿਕ ਵਿਨਾਸ਼ ਦਾ ਕਾਰਨ ਬਣ ਸਕਦੇ ਹਨ। ਫਿਰ ਵੀ ਹੁਣ ਭਾਰਤ ਵਿੱਚ ਸਥਿਤੀ ਇਹ ਬਣ ਚੁੱਕੀ ਹੈ ਕਿ ਹਰ ਵਰਗ ਦੇ ਲੋਕ ਚੋਣਾਂ ਤੋਂ ਪਹਿਲਾਂ ਵੱਡੀਆਂ ਰਿਆਇਤਾਂ ਦੇ ਐਲਾਨਾਂ ਦੀ ਉਡੀਕ ਕਰਦੇ ਹਨ।

ਦੇਸ਼ ਦੇ ਮਹਾਂਲੇਖਾਕਾਰ ਵਲੋਂ ਜਾਰੀ ਅੰਕੜਿਆਂ ਅਨੁਸਾਰ ਸੂਬਿਆਂ ਦੀਆ ਸਰਕਾਰਾਂ ਨੇ 2020-21 ਅਤੇ ਸਾਲ 2021-22 ਦੌਰਾਨ ਸਬਸਿਡੀ ਦਾ ਭਾਰ 12.9 ਫ਼ੀਸਦੀ ਅਤੇ 11.2 ਫ਼ੀਸਦੀ ਵਧਿਆ ਹੈ। ਰਾਜਾਂ ਨੇ ਜੋ ਕੁਝ ਕਮਾਇਆ ਹੈ ਉਸ ਉੱਤੇ ਸਾਲ 2019-20 ਦੀ ਸਬਬਿਡੀ 7 ਫ਼ੀਸਦੀ ਤੋਂ ਵਧਕੇ 2021-22 ਵਿੱਚ 8.2 ਫ਼ੀਸਦੀ ਹੋ ਗਈ। ਇਹ ਸੂਬੇ ਦੇ ਆਰਥਿਕ ਪ੍ਰਬੰਧਨ ਦੀ ਬੁਨਿਆਦ ਨੂੰ ਕਮਜ਼ੋਰ ਕਰਦਾ ਹੈ। ਪੰਜਾਬ ਦੇ ਮਾਮਲੇ 'ਚ ਅੰਦਾਜ਼ਾ ਹੈ ਕਿ ਮੁਫ਼ਤ ਤੋਹਫਿਆਂ ਦਾ ਵਾਅਦਾ ਜੀ ਐਸ.ਡੀ.ਐਸ ਉੱਤੇ ਤਿੰਨ ਫ਼ੀਸਦੀ ਦਾ ਵਾਧੂ ਬੋਝ ਪਾ ਸਕਦਾ ਹੈ। ਇਸ ਨਾਲ ਸਿੱਧੇ ਰੂਪ 'ਚ ਸੂਬੇ 'ਚ ਸਮਾਜਿਕ, ਆਰਥਿਕ ਨਾਬਰਾਬਰੀ 'ਚ ਹੋਰ ਵਾਧਾ ਹੋਵੇਗਾ। ਇਸ ਕਾਰਨ ਅਰਥ ਵਿਵਸਥਾ ਹੋਰ ਵੀ ਖ਼ਰਾਬ ਹੋਵੇਗੀ।

> **ਦੇਸ਼ ਦੇ ਮਹਾਂਲੇਖਾਕਾਰ ਵਲੋਂ ਜਾਰੀ ਅੰਕੜਿਆਂ ਅਨੁਸਾਰ ਸੂਬਿਆਂ ਦੀਆ ਸਰਕਾਰਾਂ ਨੇ 2020-21 ਅਤੇ ਸਾਲ 2021-22 ਦੌਰਾਨ ਸਬਸਿਡੀ ਦਾ ਭਾਰ 12.9 ਫ਼ੀਸਦੀ ਅਤੇ 11.2 ਫ਼ੀਸਦੀ ਵਧਿਆ ਹੈ। ਰਾਜਾਂ ਨੇ ਜੋ ਕੁਝ ਕਮਾਇਆ ਹੈ ਉਸ ਉੱਤੇ ਸਾਲ 2019-20 ਦੀ ਸਬਬਿਡੀ 7 ਫ਼ੀਸਦੀ ਤੋਂ ਵਧਕੇ 2021-22 ਵਿੱਚ 8.2 ਫ਼ੀਸਦੀ ਹੋ ਗਈ। ਇਹ ਸੂਬੇ ਦੇ ਆਰਥਿਕ ਪ੍ਰਬੰਧਨ ਦੀ ਬੁਨਿਆਦ ਨੂੰ ਕਮਜ਼ੋਰ ਕਰਦਾ ਹੈ। ਪੰਜਾਬ ਦੇ ਮਾਮਲੇ 'ਚ ਅੰਦਾਜ਼ਾ ਹੈ ਕਿ ਮੁਫ਼ਤ ਤੋਹਫਿਆਂ ਦਾ ਵਾਅਦਾ ਜੀ ਐਸ.ਡੀ.ਐਸ ਉੱਤੇ ਤਿੰਨ ਫ਼ੀਸਦੀ ਦਾ ਵਾਧੂ ਬੋਝ ਪਾ ਸਕਦਾ ਹੈ। ਇਸ ਨਾਲ ਸਿੱਧੇ ਰੂਪ 'ਚ ਸੂਬੇ 'ਚ ਸਮਾਜਿਕ, ਆਰਥਿਕ ਨਾਬਰਾਬਰੀ 'ਚ ਹੋਰ ਵਾਧਾ ਹੋਵੇਗਾ। ਇਸ ਕਾਰਨ ਅਰਥ ਵਿਵਸਥਾ ਹੋਰ ਵੀ ਖ਼ਰਾਬ ਹੋਵੇਗੀ।**

ਦੇਸ਼ ਦੇ ਸਿਆਸੀ ਦਲਾਂ 'ਚ ਲੋਕਾਂ ਨੂੰ ਭਰਮਿਤ ਕਰਕੇ ਵੋਟਾਂ ਲੈਣ ਦਾ ਰੁਝਾਣ ਵੱਧ ਰਿਹਾ ਹੈ। ਇਸ ਸਬੰਧ ਵਿੱਚ ਦੇਸ਼ ਦੀ ਸੁਪਰੀਮ ਕੋਰਟ ਨੇ ਇਸ ਨੂੰ ਦੇਸ਼ ਲਈ ਇੱਕ ਗੰਭੀਰ ਸਮੱਸਿਆ ਗਰਦਾਨਿਆ ਹੈ। ਸੁਮਰੀਮ ਕੋਰਟ ਨੇ ਕਿਹਾ ਕਿ ਹੈ ਜਦੋਂ ਦੇਸ਼ ਦਾ ਬਜ਼ਟ ਬਣਦਾ ਹੈ ਤਾਂ ਦੇਸ਼ ਦੀਆਂ ਸਿਆਸੀ ਧਿਰਾਂ ਨੂੰ ਇੱਕ ਹੋਰ ਮੁਫ਼ਤ ਖੋਰਾ ਬਜ਼ਟ ਬਨਾਉਣ ਤੋਂ ਗੁਰੇਜ ਕਰਨਾ ਚਾਹੀਦਾ ਹੈ।

ਸਿਆਸੀ ਧਿਰਾਂ ਚੋਣਾਂ ਵੇਲੇ ਵੋਟਰਾਂ ਨੂੰ ਮੁਫ਼ਤ ਲੈਪਟੋਪ, ਬਾਈਸਾਈਕਲ, ਸਮਾਰਟਫੋਨ, ਮੁਫ਼ਤ ਬਿਜਲੀ, ਮੁਫ਼ਤ ਬੱਸ ਸੇਵਾ ਦਾ ਵਾਇਦਾ ਕਰਦੀਆਂ ਹਨ। ਪਰ ਇਹ ਸਾਰੀਆਂ ਸਹੂਲਤਾਂ ਜਾਂ ਇਹਨਾ ਵਿਚੋਂ ਬਹੁਤੀਆਂ ਸਹੂਲਤਾਂ ਸਮਾਜ ਦੇ ਕਮਜ਼ੋਰ ਵਰਗ ਤੱਕ ਕੀ ਪੁੱਜਦੀਆਂ ਹਨ?

ਅਸਲ ਵਿੱਚ ਦੇਸ਼ ਇਸ ਸਮੇਂ ਦੇ ਜੋ ਹਾਲਾਤ ਹਨ, ਉਸ ਅਨੁਸਾਰ ਬੇਰੁਜ਼ਗਾਰਾਂ ਨੂੰ ਨੌਕਰੀ ਦੇਣਾ, ਬੁਢਾਪੇ 'ਚ ਸਮਾਜਿਕ ਸੁਰੱਖਿਆ, ਬੱਚਿਆਂ ਲਈ ਸਕੂਲਾਂ 'ਚ ਭੋਜਨ ਮੁਹੱਈਆ ਕਰਨ, ਕਿਸੇ ਵੀ ਆਫ਼ਤ ਵੇਲੇ ਮੁਫ਼ਤ ਦਵਾਈਆਂ ਤੇ ਹੋਰ ਸਹੂਲਤਾਂ ਦੇਣਾ ਜਾਇਜ਼ ਮੰਨਿਆ ਜਾ ਸਕਦਾ ਹੈ। ਨਾਗਰਿਕਾਂ ਲਈ ਬਰਾਬਰ ਦੀ ਸਿੱਖਿਆ ਸਹੂਲਤਾਂ, ਸਿਹਤ ਸਹੂਲਤਾਂ ਮੁਹੱਈਆ ਕਰਨਾ ਵੀ ਕਲਿਆਣਕਾਰੀ ਅਤੇ ਤੋਹਫਾ ਹੋ ਸਕਦਾ ਹੈ, ਪਰ ਸਿਰਫ਼ ਚੋਣਾਂ ਦੌਰਾਨ ਵੋਟਾਂ ਵਟੋਰਨ ਲਈ ਕੀਤੇ ਜਾਂਦੇ ਅਸਥਾਈ ਵਾਅਦੇ ਭਾਵੇਂ ਉਹ ਸਿਆਸੀ ਲੋਕ ਬਾਅਦ 'ਚ ਪੂਰੇ ਕਰਨ ਜਾਂ ਨਾ ਕਰਨ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਠਹਿਰਾਏ ਜਾ ਸਕਦੇ।

ਦੇਸ਼ ਵਿੱਚ ਚੋਣਾਵੀ ਮੌਸਮ 'ਚ ਮੁਫ਼ਤ ਸੁਵਿਧਾਵਾਂ ਦੀ ਰਾਜਨੀਤੀ ਚੋਣ ਮੁਹਿੰਮ ਦਾ ਅਣਖਿੜਵਾਂ ਅੰਗ ਬਣ ਗਈ ਹੈ। ਸਿਆਸੀ ਲੋਕਾਂ ਦੀ ਇਹ ਦਲੀਲ ਹੈ ਕਿ ਵੋਟਰਾਂ ਲਈ ਇਹ ਜਾਨਣਾ ਜ਼ਰੂਰੀ ਹੈ ਕਿ ਸੱਤਾਧਾਰੀ ਲੋਕਾਂ ਨੂੰ ਕੀ ਸੁੱਖ ਸਹੂਲਤਾਂ ਦੇਣਗੇ। ਪਰ ਆਮ ਤੌਰ 'ਤੇ ਇਹ ਚੋਣ ਵਾਇਦੇ ਬਿਨ੍ਹਾਂ ਸੋਚੇ ਸਮਝੇ ਸਿਰਫ਼ ਤਾਕਤ ਹਥਿਆਉਣ ਲਈ ਲੋਕਾਂ ਨੂੰ ਭਰਮਿਤ ਕਰਨ ਲਈ ਹੁੰਦੇ ਹਨ।

ਕੀ ਹਰ ਬੈਂਕ ਖਾਤੇ 'ਚ ਲੱਖਾਂ ਰੁਪਏ ਕਾਲੇ ਧਨ ਨੂੰ ਚਿੱਟਾ ਧਨ ਕਰਕੇ ਪਾਉਣ ਦਾ ਵਾਇਦਾ ਜਾਇਜ਼ ਹੈ? ਪੰਜ ਸਾਲਾਂ 'ਚ ਕਿਸਾਨਾਂ ਦੀ ਆਮਦਨ ਦੁਗਣੀ ਕਰਨ ਦਾ ਵਾਇਦਾ ਜਾਂ ਤੋਹਫਾ ਠੀਕ ਹੈ? ਵਾਇਦਿਆਂ ਤੋਂ ਅੱਗੇ "ਗਰੰਟੀਆਂ" ਦੇਣ ਦੀ ਪਰੰਪਰਾ ਤੇ ਹੋੜ ਕੀ ਲੋਕਾਂ ਨੂੰ ਸਿਰਫ਼ ਵਿਹਲੜ ਬਣਕੇ ਰਹਿਣ ਵੱਲ ਰੁਚਿਤ ਨਹੀਂ ਕਰੇਗੀ? ਸਵਾਲ ਵੱਡੇ ਹਨ, ਜਿਹਨਾ ਦੇ ਹੱਲ ਵੀ ਉਤਨੇ ਹੀ ਵੱਡੇ ਲੱਭਣੇ ਪੈਣਗੇ ਹਨ।

ਸਵਾਲਾਂ ਤੋਂ ਵੀ ਵੱਡਾ ਸਵਾਲ ਇਹ ਹੈ ਕਿ ਚੋਣਾਂ ਵਿੱਚ ਤੋਹਫੇ ਵੰਡਣ ਲਈ ਨਕਦੀ, ਸ਼ਰਾਬ, ਨਸ਼ੀਲੇ ਪਦਾਰਥ, ਕੀਮਤੀ ਚੀਜ਼ਾਂ ਅਤੇ ਕਰੋੜਾਂ ਰੁਪਏ ਦੇ ਤੋਹਫੇ ਵੰਡਣ ਦੀਆਂ ਕਰਨਾਟਕ ਵਿਧਾਨ ਸਭਾ ਚੋਣਾਂ ਵੇਲੇ ਖ਼ਬਰਾਂ ਆਈਆਂ ਹਨ। ਸਾਲ 2018 'ਚ ਚੋਣਾਂ ਵੇਲੇ ਜੋ ਬਰਾਮਦਗੀ ਇਹਨਾ ਵਸਤਾਂ ਦੀ ਕਰਨਾਟਕ ਵਿੱਚ ਕੀਤੀ ਗਈ ਸੀ, ਉਸ ਨਾਲੋਂ ਸਾਢੇ ਚਾਰ ਗੁਣਾ ਵੱਧ ਦੀ ਬਰਾਮਦਗੀ ਚੋਣ ਕਮਿਸ਼ਨ ਵਲੋਂ ਇਸ ਵੇਰ ਕੀਤੀ ਗਈ ਹੈ।

ਸਵਾਲ ਇਹ ਹੈ ਕਿ ਬਾਵਜੂਦ ਕੋਸ਼ਿਸ਼ਾਂ ਦੇ ਇਹ ਤੋਹਫੇ ਵੰਡਕੇ ਵੋਟ ਪ੍ਰਾਪਤ ਕਰਨ ਦਾ ਰੁਝਾਨ ਵਧ ਰਿਹਾ ਹੈ। ਪਰ ਕਿਸੇ ਵੀ ਸਿਆਸੀ ਦਲ ਵਲੋਂ ਇਸ ਨੂੰ ਰੋਕਣ ਜਾਂ ਠੱਲ ਪਾਉਣ ਲਈ ਕੋਈ ਅਵਾਜ਼ ਨਹੀਂ ਉਠਾਈ ਗਈ।

ਆਖ਼ਿਰ ਇਹ ਕਿਉਂ ਹੈ ਕਿ ਚੋਣ ਆਯੋਗ ਅਤੇ ਹੋਰ ਮਹਿਕਮੇ ਇਹਨਾ ਗੈਰ ਕਾਨੂੰਨੀ ਗਤੀਵਿਧੀਆਂ ਨੂੰ ਰੋਕਣ 'ਚ ਨਾ ਕਾਮਯਾਬ ਹਨ। ਜੇਕਰ ਇਹ ਰੁਝਾਣ ਵਧਦਾ ਰਿਹਾ ਤਾਂ ਲੋਕਤੰਤਰ ਦੇ ਲਈ ਅਸਲ 'ਚ ਕਿੰਨੀ ਕੁ ਥਾਂ ਬਚੇਗੀ ਦੇਸ਼ ਵਿੱਚ?

# ਐਲਬਰਟਾ ਵਿਧਾਨ ਸਭਾ ਚੋਣਾਂ: ਊਠ ਕਿਸ ਪਾਸੇ ਬੈਠੇਗਾ?






ਹਰ ਪਾਸੇ ਇਹੀ ਚਰਚਾ ਹੈ ਕਿ 29 ਮਈ ਨੂੰ ਐਲਬਰਟਾ ਵਿਧਾਨਸਭਾ ਵਿੱਚ ਪੈਣ ਵਾਲੀਆਂ ਵੋਟਾਂ ਵਿੱਚ ਆਖ਼ਰ ਜਿੱਤ ਕਿਸ ਪਾਰਟੀ ਦੀ ਹੋ ਸਕਦੀ ਐ! ਮੁਕਾਬਲਾ ਬੇਹੱਦ ਫਸਵਾਂ ਹੈ ਤੇ ਕੁੱਝ ਵੀ ਕਹਿਣਾ ਬਹੁਤ ਤਿਲਕਵੀਂ ਥਾਂ ਉੱਪਰ ਤੁਰਨ ਦੇ ਬਰਾਬਰ ਹੈ।

ਕੀ ਕਹਿੰਦੇ ਹਨ ਸਰਵੇਖਣ: ਕੁੱਝ ਚੋਣ ਸਰਵੇਖਣ ਆਏ ਹਨ ਜਿਹਨਾਂ ਨੇ ਦੱਸਿਆ ਹੈ ਕਿ ਐਨਡੀਪੀ – ਨਿਊ ਡੈਮੋਕ੍ਰੈਟਿਕ ਪਾਰਟੀ – ਮਾਮੂਲੀ ਲਾਭ ਤੋਂ ਲੈ ਕੇ ਚੋਖਾ ਲਾਭ ਲੈਂਦੀ ਜਾਪਦੀ ਹੈ। ਬਹੁ–ਗਿਣਤੀ ਸਰਕਾਰ ਬਣਾਉਣ ਲਈ ਇਹ 'ਮਾਮੂਲੀ ਲਾਭ' ਸ਼ਾਇਦ ਕੁੱਝ ਨਹੀਂ ਕਰ ਸਕੇਗਾ। 'ਚੋਖਾ ਲਾਭ' ਮਿਲਣਾ ਮੁਸ਼ਕਿਲ ਲੱਗਦਾ ਹੈ। ਸੋਮਵਾਰ, 15 ਮਈ ਵਾਲੇ ਦਿਨ ਲੀਕ ਹੋਏ ਇੱਕ ਹੋਰ ਸਰਵੇ ਵਿੱਚ ਕਿਹਾ ਜਾ ਰਿਹਾ ਹੈ ਕਿ ਯੂਸੀਪੀ – ਯੂਨਾਇਟਿਡ ਕੰਜ਼ਰਵੇਟਿਵ ਪਾਰਟੀ – ਲੱਗਪਗ 50–51 ਸੀਟਾਂ ਲੈ ਸਕਦੀ ਹੈ ਤੇ ਐਨਡੀਪੀ ਨੂੰ 31–32 'ਤੇ ਹੀ ਗੁਜ਼ਾਰਾ ਕਰਨਾ ਪੈ ਸਕਦਾ ਹੈ।

ਸੀਟਾਂ ਦਾ ਹਿਸਾਬ ਕਿਤਾਬ: ਸੂਬੇ ਵਿੱਚ ਕੁੱਲ 87 ਵਿਧਾਨਸਭਾ ਸੀਟਾਂ ਹਨ। ਸਰਕਾਰ ਬਣਾਉਣ ਵਾਸਤੇ 44 ਸੀਟਾਂ ਦੀ ਲੋੜ ਹੈ। ਇਹਨਾਂ ਵਿੱਚੋਂ ਇੱਕ ਸਪੀਕਰ ਬਣ ਜਾਵੇਗਾ ਤਾਂ ਸਰਕਾਰ ਨੂੰ ਬਹੁਮਤ ਵਿੱਚ ਰੱਖਣ ਵਾਸਤੇ ਇੱਕ ਹੋਰ ਸੀਟ ਦੀ ਲੋੜ ਹੈ। ਇਸ ਦਾ ਮਤਲਬ ਹੋਇਆ ਕਿ ਸਰਕਾਰ ਬਣਾਉਣ ਵਾਲੀ ਪਾਰਟੀ ਨੂੰ ਘੱਟੋ ਘੱਟ 45 ਸੀਟਾਂ ਚਾਹੀਦੀਆਂ ਹਨ। ਕੈਲਗਰੀ ਵਿੱਚ 26, ਐਡਮੰਟਨ ਵਿੱਚ 21 ਅਤੇ (ਬਾਕੀ ਬਚਦੇ) ਪੇਂਡੂ ਅਤੇ ਅੱਧ–ਸ਼ਹਿਰੀ ਇਲਾਕਿਆਂ ਦੀਆਂ 40 ਸੀਟਾਂ ਹਨ। ਇਹਨਾਂ ਵਿੱਚੋਂ ਐਡਮੰਟਨ ਦੀਆਂ 21 ਵਿੱਚੋਂ 21 ਉੱਪਰ ਹੀ ਐਨਡੀਪੀ ਆਪਣਾ ਹੱਥ ਸਾਫ਼ ਕਰਦੀ ਲੱਗ ਰਹੀ ਹੈ ਜਦੋਂ ਕਿ ਪੇਂਡੂ ਅਤੇ ਅੱਧ–ਸ਼ਹਿਰੀ ਇਲਾਕਿਆਂ ਦੀਆਂ 40 ਸੀਟਾਂ ਉੱਪਰ ਯੂਸੀਪੀ ਦਾ ਕਬਜ਼ਾ ਹੁੰਦਾ ਲੱਗ ਰਿਹਾ ਹੈ। ਇਸ ਗਣਿਤ ਨੂੰ ਵੇਖਦਿਆਂ ਯੂਸੀਪੀ ਨੂੰ ਸਿਰਫ਼ 5 ਸੀਟਾਂ ਦੀ ਲੋੜ ਹੈ ਜਿਹੜੀ ਕਿ ਉਹ ਅਸਾਨੀ ਨਾਲ ਕੈਲਗਰੀ ਵਿੱਚੋਂ ਜਿੱਤ ਸਕਦੀ ਹੈ।

ਸਾਲ 2015 ਵਿੱਚ ਲੋਕ ਪੀਸੀ ਪਾਰਟੀ – ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਤੋਂ ਅੱਕ ਗਏ ਸਨ ਤੇ ਉਹਨਾਂ ਗੁੱਸੇ ਵਿੱਚ ਐਨਡੀਪੀ ਨੂੰ ਵੋਟ ਪਾਈ ਸੀ। ਉਹ ਪੀਸੀ ਦਾ ਵਿਰੋਧ ਸੀ ਤੇ ਐਨਡੀਪੀ ਦੀ ਲਹਿਰ ਨਹੀਂ ਸੀ। ਵਾਇਲਡਰੋਜ਼ ਪਾਰਟੀ ਦੀ ਲੀਡਰ, ਜਿਹੜੀ ਹੁਣ ਪ੍ਰੀਮੀਅਰ ਹੈ, ਡੇਨੀਐੱਲ ਸਮਿਥ ਆਪਣੇ ਸਾਥੀਆਂ ਸਮੇਤ ਮੁੱਖ ਵਿਰੋਧੀ ਧਿਰ ਨੂੰ ਖ਼ਤਮ ਕਰਦੀ ਹੋਈ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਵਿੱਚ ਜਾ ਰਲੀ ਸੀ। ਉਸ ਸਮੇਂ ਕੈਲਗਰੀ ਵਿੱਚੋਂ ਐਨਡੀਪੀ ਨੂੰ 21 ਸੀਟਾਂ ਮਿਲ ਗਈਆਂ ਸਨ। ਸਾਰਾ ਐਡਮੰਟਨ ਉਹਨਾਂ ਦੇ ਕੋਲ ਸੀ ਤੇ ਸਰਕਾਰ ਬਹੁਗਿਣਤੀ ਬਣ ਗਈ ਸੀ ਤੇ ਕੁੱਝ ਪੇਂਡੂ ਅਤੇ ਅੱਧ–ਸ਼ਹਿਰੀ ਇਲਾਕਿਆਂ ਦੀਆਂ ਸੀਟਾਂ ਵੀ ਐਨਡੀਪੀ ਦੇ ਹੱਕ ਵਿੱਚ ਭੁਗਤ ਗਈਆਂ ਸਨ।

ਸਾਲ 2019 ਵਿੱਚ ਜੇਸਨ ਕੈਨੀ ਦੀ ਲਹਿਰ ਸੀ। ਦੋਵੇਂ ਸੱਜੇ ਪੱਖੀ – ਪ੍ਰੋਗਰੈਸਿਵ ਕੰਜ਼ਰਵੇਟਿਵ ਅਤੇ ਵਾਇਲਡਰੋਜ਼ – ਪਾਰਟੀਆਂ ਇਕੱਠੀਆਂ ਹੋ ਗਈਆਂ ਸਨ ਤੇ ਇਸ ਵਿਰੋਧ ਵਿੱਚ ਐਨਡੀਪੀ ਦੇ ਤੰਬੂ ਉੱਖੜ ਗਏ ਸਨ।

ਕੋਰੋਨਾ ਵਾਇਰਸ ਨੇ ਜੇਸਨ ਕੈਨੀ ਦਾ ਤੰਬੂ ਪੁੱਟ ਦਿੱਤਾ। ਪਾਰਟੀ ਅੰਦਰ ਵਾਇਲਡਰੋਜ਼ ਤੱਤ ਮਜ਼ਬੂਤੀ ਫੜ ਗਿਆ ਤੇ 'ਟੇਕ ਬੈਕ ਐਲਬਰਟਾ' ਮੂਵਮੈਂਟ ਜ਼ੋਰ ਫੜ ਗਈ ਤੇ ਉਹਨਾਂ ਜੇਸਨ ਕੈਨੀ ਨੂੰ ਫਾਰਗ਼ ਕਰ ਦਿੱਤਾ। ਡੈਨੀਐੱਲ ਸਮਿਥ ਪਾਰਟੀ ਲੀਡਰ ਅਤੇ ਪ੍ਰੀਮੀਅਰ ਬਣ ਗਈ।

ਸਮਿਥ ਦੀ ਅਲਮਾਰੀ ਖੁੱਲ੍ਹੀ ਤਾਂ ਅੰਦਰੋਂ ਇੱਕ ਜਾਂ ਦੋ ਨਹੀਂ, ਦਰਜਨਾਂ ਕੰਕਾਲ ਨਿੱਕਲਣ ਲੱਗ ਪਏ। ਕਦੀ ਉਹ ਕਹੇ ਕਿ ਉਹ ਮੂਲ ਨਿਵਾਸੀ ਹੈ, ਕਦੀ ਕਹੇ ਕਿ ਯੂਕ੍ਰੇਨੀ ਮੂਲ ਦੀ ਹੈ, ਫਿਰ ਕਹੇ ਕਿ ਰੂਸ ਠੀਕ ਹੈ, ਯੂਕ੍ਰੇਨ ਨੂੰ ਅਕਲ ਕਰਨੀ ਚਾਹੀਦੀ ਹੈ, ਫਿਰ ਕਹਿੰਦੀ ਕਿ ਡਾਕਟਰਾਂ ਦੀ ਥਾਂ ਮਿਲਟਰੀ ਅਫਸਰਾਂ ਨੂੰ ਹਸਪਤਾਲਾਂ ਦਾ ਪ੍ਰਬੰਧ ਦੇਣਾ ਚਾਹੀਦਾ ਹੈ ਤੇ ਜਿਹੜੇ ਪੁਲਿਸ ਅਧਿਕਾਰੀਆਂ ਨੇ ਕੋਰੋਨਾ ਵਾਇਰਸ ਤੇ ਟੀਕਿਆਂ ਦਾ ਵਿਰੋਧ ਕਰਨ ਵਾਲਿਆਂ ਨੂੰ ਅੰਦਰ ਕੀਤਾ, ਉਹਨਾਂ ਖਿਲਾਫ਼ ਮੁਕੱਦਮੇ ਚੱਲਣੇ ਚਾਹੀਦੇ ਹਨ, ਫਿਰ ਕਹਿੰਦੀ ਕਿ ਜਿਹਨਾਂ 75% ਲੋਕਾਂ ਨੇ ਟੀਕੇ ਲਗਵਾਏ ਹਨ ਉਹ ਹਿਟਲਰ ਦੇ ਚੇਲਿਆਂ ਵਾਂਗ ਹਨ, ਫਿਰ ਕਹਿ ਦਿੱਤਾ ਕਿ ਉਹ ਤਾਂ ਆਪਣੀ ਡ੍ਰੈਸ ਉੱਪਰ ਮਾਣ ਨਾਲ ਲਗਾਉਣ ਵਾਲੇ ਪੌਪੀ ਦਾ ਫੁੱਲ ਵੀ ਨਹੀਂ ਲਗਾਵੇਗੀ, ਫਿਰ ਟੀਕਿਆਂ ਅਤੇ ਕੋਨਾ ਵਾਇਰਸ ਦੇ ਖਤਰਿਆਂ ਦਾ ਵਿਰੋਧ ਕਰਨ ਵਾਲੇ ਸਟ੍ਰੀਟ ਪ੍ਰੀਚਰ ਅਰਟਰ ਪਾਉਲਾਉਸਕੀ ਦੇ ਹੱਕ ਵਿੱਚ ਜਾ ਨਿੱਤਰੀ।।ਹਰ ਰੋਜ਼ ਇੱਕ-ਇੱਕ ਕੰਕਾਲ ਬਾਹਰ ਨਿੱਕਲਣ ਲੱਗਿਆ।

ਐਨਡੀਪੀ ਨੇ ਇੰਨਾ ਕੁੱਝ ਬਾਹਰ ਆਉਣ ਮਗਰੋਂ ਮੂਵਮੈਂਟ ਸ਼ੁਰੂ ਕਰ ਦਿੱਤੀ ਕਿ ਕੀ ਸੂਬਾ ਵਾਸੀ ਅਜਿਹੇ ਵਿਅਕਤੀ ਉੱਪਰ ਭਰੋਸਾ ਕਰ ਸਕਦੇ ਹਨ ਜਿਹੜਾ ਇੰਨੇ ਜ਼ਿਆਦਾ ਬਿਆਨ ਬਦਲਦਾ ਹੈ?

ਡੈਨੀਐਲ ਸਮਿਥ ਕਹਿ ਰਹੀ ਹੈ ਕਿ ਉਸ ਦੇ ਪੁਰਾਣੇ ਵਿਚਾਰਾਂ ਵੱਲ ਧਿਆਨ ਨਾ ਦਿੱਤਾ ਜਾਵੇ, ਉਹ ਬਤੌਰ ਪ੍ਰੀਮੀਅਰ ਜੋ ਕਹਿ ਰਹੀ ਹੈ ਤੇ ਕਰ ਰਹੀ ਹੈ, ਉਸ ਵੱਲ ਹੀ ਦੇਖਿਆ ਜਾਵੇ।

ਕੁੱਝ ਲੋਕ ਪੱਕੇ ਕੰਜ਼ਰਵੇਟਿਵ ਅਤੇ ਪੱਕੇ ਐਨਡੀਪੀਅਰ ਹਨ ਤੇ ਉਹਨਾਂ ਨੇ ਵੋਟ ਨਹੀਂ ਬਦਲਣੀ। ਇਹ ਸੰਭਵ ਹੈ ਕਿ ਜੇ ਉਹਨਾਂ ਨੂੰ ਆਪਣੀ ਪਾਰਟੀ ਲੀਡਰ ਨਾਲ ਨਾਰਾਜ਼ਗੀ ਹੈ ਤਾਂ ਉਹ ਸ਼ਾਇਦ ਵੋਟ ਹੀ ਨਾ ਪਾਉਣ। ਬਹੁਤ ਨਾਰਾਜ਼ ਲੋਕ, ਦੂਜੀ ਪਾਰਟੀ ਦਾ ਪਲੇਟਫੌਰਮ ਵੇਖ ਕੇ ਆਪਣੀ ਵੋਟ ਬਦਲ ਸਕਦੇ ਹਨ। ਇਸ ਦੇ ਬਾਵਜੂਦ ਅਜਿਹੇ ਲੋਕ ਵੀ ਵੱਡੀ ਗਿਣਤੀ ਵਿੱਚ ਹਨ ਜਿਹਨਾਂ ਨੇ ਮੌਕਾ ਵੇਖ ਕੇ ਵੋਟ ਪਾਉਣੀ ਹੰਦੀ ਹੈ। ਲੋਟਾ ਕਿਸਮ ਦੇ ਇਹ ਲੋਕ, ਥਾਲੀ ਦੇ ਬਤਾਊਂ ਵਾਂਗ ਹੁੰਦੇ ਹਨ।।ਮੌਕਾ ਵੇਖ ਕੇ ਦਿਸ਼ਾ ਬਦਲ ਲੈਂਦੇ ਹਨ।

ਕਿੰਨੀ ਹਾਸੋਹੀਣੀ ਗੱਲ ਹੈ ਪਰ ਸੱਚ ਹੈ ਕਿ ਇਹਨਾਂ ਲੋਟਿਆਂ ਨੇ ਹੀ ਇਸ ਵਾਰ ਸਰਕਾਰ ਬਣਾਉਣੀ ਹੈ। ਰਾਜਨੀਤੀ ਦਾ ਊਠ ਇਸ ਵਾਰ 'ਸੱਜੇ ਪਾਸੇ' ਬੈਠੇਗਾ ਜਾਂ ਕਿ 'ਖੱਬੇ ਪਾਸੇ', ਇਸ ਗੱਲ ਦਾ ਪਤਾ ਤਾਂ ਹੁਣ 29 ਮਈ ਦੀ ਸ਼ਾਮ ਨੂੰ ਹੀ ਲੱਗੇਗਾ!

**ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।**


**Edmonton**
Sukhdev Singh Dhanoa
780 700 5022, 780 599 2000
Email: sukhdevdhanoa@gmail.com


**Edmonton**
Parminder Singh Balluana
780-258-5800
780 599 2000
Email: balluana.parminder@gmail.com


**Regina**
Gurbinder Singh Gagowal
306 520 4313, 639 999 1000
Email: gur.gago@gmail.com


**Saskatoon**
Rishi Joshi
639 742 1200
639 999 1000
Rishijoshi1990 @hotmail.com


**Winnipeg**
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਪੰਜਾਬ 'ਚ ਮੁੜ ਹੋਵੇਗਾ ਅਕਾਲੀ-ਭਾਜਪਾ ਗਠਜੋੜ

## ਜਲੰਧਰ ਲੋਕ ਸਭਾ ਜ਼ਿਮਨੀ ਚੋਣ 'ਚ ਹਾਰ ਤੋਂ ਬਾਅਦ ਚਰਚਾ ਤੇਜ਼; ਅਕਾਲੀ ਦਲ ਨੇ ਕਿਹਾ- ਮਿਲ ਕੇ ਜਿੱਤ ਸਕਦਾ ਸੀ

ਜਲੰਧਰ (ਪੰਜਾਬੀ ਅਖਬਾਰ ਬਿਊਰੋ)- ਕੀ ਪੰਜਾਬ ਵਿੱਚ ਮੁੜ ਅਕਾਲੀ ਦਲ-ਭਾਜਪਾ ਦਾ ਗਠਜੋੜ ਹੋਵੇਗਾ? ਇਹ ਸਵਾਲ ਇੱਕ ਵਾਰ ਫਿਰ ਸੂਬੇ ਦੀ ਸਿਆਸਤ ਵਿੱਚ ਤੇਜ਼ੀ ਨਾਲ ਉੱਠ ਰਿਹਾ ਹੈ। ਇਸ ਦਾ ਕਾਰਨ ਜਲੰਧਰ ਲੋਕ ਸਭਾ ਉਪ ਚੋਣ 'ਚ ਦੋਵਾਂ ਪਾਰਟੀਆਂ ਦੀ ਹਾਰ ਹੈ। ਅਕਾਲੀ ਦਲ ਨੇ ਬਸਪਾ ਨਾਲ ਗਠਜੋੜ ਕਰਕੇ ਚੋਣਾਂ ਲੜੀਆਂ ਸਨ।

ਭਾਜਪਾ ਇਕੱਲੀ ਮੈਦਾਨ ਵਿਚ ਸੀ। ਦੋਵਾਂ ਪਾਰਟੀਆਂ ਦੀਆਂ ਵੋਟਾਂ ਦੂਜੇ ਨੰਬਰ 'ਤੇ ਆਈ ਕਾਂਗਰਸ ਨਾਲੋਂ ਵੱਧ ਸਨ। ਇਸ ਦੇ ਨਾਲ ਹੀ ਸੀਟ ਜਿੱਤਣ ਵਾਲੀ 'ਆਪ' ਤੋਂ ਕੁਝ ਹਜ਼ਾਰ ਹੀ ਘੱਟ ਸਨ। ਜੇਕਰ ਸੀਟ 'ਤੇ ਜਿੱਤ ਜਾਂ ਹਾਰ ਸਪੱਸ਼ਟ ਨਾ ਹੁੰਦੀ ਤਾਂ ਵੀ ਗਠਜੋੜ ਦੇ ਪੱਖ ਤੋਂ ਮੁਕਾਬਲਾ ਸਖ਼ਤ ਹੋਣਾ ਸੀ।

ਕਿਸਾਨ ਅੰਦੋਲਨ ਦੌਰਾਨ ਅਕਾਲੀ ਦਲ ਨੇ ਭਾਜਪਾ ਨਾਲੋਂ ਨਾਤਾ ਤੋੜ ਲਿਆ ਸੀ। ਕੇਂਦਰੀ ਮੰਤਰੀ ਹਰਸਿਮਰਤ ਬਾਦਲ ਨੇ ਕੇਂਦਰ ਵਿੱਚ ਅਕਾਲੀ ਕੋਟੇ ਤੋਂ ਅਸਤੀਫਾ ਦੇ ਦਿੱਤਾ ਸੀ।

**ਕੀ ਗਠਜੋੜ ਟੁੱਟਣ ਦਾ ਕੋਈ ਅਸਰ ਪਿਆ?**

ਇਹ ਇੱਕ ਫੈਕਟਰ ਹੈ। 21 ਸਾਲ 2 ਪਾਰਟੀਆਂ ਨੇ ਗਠਜੋੜ ਵਿੱਚ ਕੰਮ ਕੀਤਾ। ਮਿਲ ਕੇ 3 ਸਰਕਾਰਾਂ ਬਣਾਈਆਂ। ਕਈ ਵਿਧਾਨ ਸਭਾ ਸੀਟਾਂ ਅਜਿਹੀਆਂ ਹਨ, ਜਿੱਥੇ ਇੱਕ ਦੂਜੇ 'ਤੇ ਨਿਰਭਰਤਾ ਸੀ। ਜਲੰਧਰ ਦੀ ਗੱਲ ਕਰੀਏ ਤਾਂ ਭਾਜਪਾ 3 ਸੀਟਾਂ 'ਤੇ ਕਮਾਂਡ ਕਰਦੀ ਸੀ। ਉੱਥੇ ਭਾਜਪਾ ਪ੍ਰਭਾਵਿਤ ਹੋਈ। ਗਠਜੋੜ ਦਾ ਕੋਈ ਹੋਰ ਸਾਥੀ ਹੋਵੇ ਤਾਂ ਵਰਕਰ ਕਮਜ਼ੋਰ ਹੋ ਜਾਂਦਾ ਹੈ।

**ਜੇਕਰ ਗਠਜੋੜ ਹੋ ਗਿਆ ਤਾਂ ਕੀ ਫਾਇਦਾ ਹੋਵੇਗਾ?**

ਅੱਜ ਵੀ ਜੇਕਰ ਦੋਨਾਂ ਦੀਆਂ ਵੋਟਾਂ ਦਾ ਹਿਸਾਬ ਕਰੀਏ ਤਾਂ ਅਕਾਲੀ ਦਲ ਅਤੇ ਬੀਜੇਪੀ ਜਿੱਤਣ ਵਾਲੇ ਪਾਸੇ ਹੀ ਹੁੰਦੇ। ਜਿਸ ਸਥਿਤੀ ਵਿੱਚ ਚੋਣ ਲੜੀ ਗਈ ਸੀ, 10 ਦਿਨ ਪਹਿਲਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਮੌਤ ਕਾਰਨ ਪ੍ਰਚਾਰ ਨਹੀਂ ਹੋ ਸਕਿਆ।

**ਕੀ ਨੇੜਲੇ ਭਵਿੱਖ ਵਿੱਚ ਗਠਜੋੜ ਸੰਭਵ ਹੈ?**

ਇਹ ਪੰਜਾਬ ਦਾ ਇੱਕ ਵੱਡਾ ਕੁਦਰਤੀ ਗਠਜੋੜ ਸੀ। ਸਮਾਜਿਕ ਰਿਸ਼ਤੇ ਵਜੋਂ ਇਸ ਗਠਜੋੜ 3 ਲੱਖ 02 ਹਜ਼ਾਰ 097 ਵੋਟਾਂ ਮਿਲੀਆਂ। ਜੇਕਰ ਅਕਾਲੀ ਦਲ ਅਤੇ ਭਾਜਪਾ ਦੀਆਂ ਵੋਟਾਂ ਨੂੰ ਜੋੜਿਆ ਜਾਵੇ ਤਾਂ ਇਹ 2 ਲੱਖ 93 ਹਜ਼ਾਰ 151 ਬਣਦੀ ਹੈ। ਫਿਰ ਵੀ ਉਹ 'ਆਪ' ਦੇ ਰਿੰਕੂ ਤੋਂ 8 ਹਜ਼ਾਰ 946 ਵੋਟਾਂ ਘੱਟ ਹੋਣੀਆਂ ਸਨ।

ਉਂਜ ਦੂਜੇ ਨੰਬਰ 'ਤੇ 2 ਲੱਖ 43 ਹਜ਼ਾਰ 450 ਵੋਟਾਂ ਹਾਸਲ ਕਰਨ ਵਾਲੀ ਕਾਂਗਰਸ ਦੀ ਕਰਮਜੀਤ ਕੌਰ ਚੌਧਰੀ ਨਾਲ ਗੱਠਜੋੜ 49 ਹਜ਼ਾਰ 701 ਵੋਟਾਂ ਨਾਲ ਅੱਗੇ ਰਿਹਾ। ਇਹ ਮੁੜ ਗਠਜੋੜ ਦੇ ਗਠਨ ਵੱਲ ਸੰਕੇਤ ਕਰਦਾ ਹੈ। ਜੇਤੂ ਉਮੀਦਵਾਰ ਨਾਲ ਗਠਜੋੜ ਦਾ ਫਰਕ ਬਹੁਤ ਘੱਟ ਅਤੇ ਦੂਜੇ ਨੰਬਰ ਨਾਲ ਬਹੁਤ ਜ਼ਿਆਦਾ ਹੈ, ਅਜਿਹੇ 'ਚ ਗਠਜੋੜ ਦਾ ਮੁਕਾਬਲਾ ਯਕੀਨੀ ਤੌਰ 'ਤੇ ਬਣਿਆ ਰਹੇਗਾ। ਉਂਜ ਇੱਥੇ ਇਹ ਗੱਲ ਵੀ ਜ਼ਰੂਰੀ ਹੈ ਕਿ ਅਕਾਲੀ ਦਲ ਇਕੱਲਾ ਨਹੀਂ ਸਗੋਂ ਬਸਪਾ ਨੇ ਵੀ ਨਾਲ ਲੈ ਕੇ ਚੋਣ ਲੜੀ ਹੈ। ਦਲਿਤ ਵੋਟਰਾਂ ਦੀ ਬਹੁਲਤਾ ਵਾਲੀ ਸੀਟ ਹੋਣ ਕਾਰਨ ਬਸਪਾ ਦਾ ਜਲੰਧਰ ਵਿੱਚ ਚੰਗਾ ਆਧਾਰ ਹੈ।

ਅਕਾਲੀ ਦਲ ਵਿੱਚ ਪਹਿਲਾਂ ਵੀ ਉੱਠੀਆਂ ਆਵਾਜ਼ਾਂ ਅਕਾਲੀ ਦਲ ਵੱਲੋਂ ਭਾਜਪਾ ਨਾਲ ਗਠਜੋੜ ਨੂੰ ਲੈ ਕੇ ਪਹਿਲਾਂ ਵੀ ਆਵਾਜ਼ਾਂ ਉੱਠੀਆਂ ਹਨ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਮੌਤ ਸਮੇਂ ਵੀ ਵਿਰਸਾ ਸਿੰਘ ਵਲਟੋਹਾ ਅਤੇ ਪ੍ਰੇਮ ਸਿੰਘ ਚੰਦੂਮਾਜਰਾ ਵਰਗੇ ਆਗੂਆਂ ਨੇ ਇਸ਼ਾਰਿਆਂ-ਇਸ਼ਾਰਿਆਂ ਵਿੱਚ ਇਸ ਦੀ ਵਕਾਲਤ ਕੀਤੀ ਸੀ। ਭਾਜਪਾ ਹਾਈਕਮਾਂਡ ਦੇ ਅਕਾਲੀ ਦਲ ਨਾਲ ਚੰਗੇ ਸਬੰਧ ਹਨ ਪੰਜਾਬ ਦੇ ਭਾਜਪਾ ਆਗੂ ਭਾਵੇਂ ਗਠਜੋੜ ਦੇ ਖ਼ਿਲਾਫ਼ ਹਨ ਪਰ ਹਾਈਕਮਾਂਡ ਅਕਾਲੀ ਦਲ ਪ੍ਰਤੀ ਨਰਮ ਹੈ। ਇਹੀ ਕਾਰਨ ਹੈ ਕਿ ਸਾਬਕਾ ਮੁੱਖ ਮੰਤਰੀ ਬਾਦਲ ਦੇ ਦੇਹਾਂਤ 'ਤੇ ਸਭ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਨ੍ਹਾਂ ਨੂੰ ਅੰਤਿਮ ਸ਼ਰਧਾਂਜਲੀ ਦੇਣ ਲਈ ਚੰਡੀਗੜ੍ਹ ਪਹੁੰਚੇ ਸਨ। ਅੰਤਿਮ ਸੰਸਕਾਰ ਵਾਲੇ ਦਿਨ ਕੌਮੀ ਪ੍ਰਧਾਨ ਜੇਪੀ ਨੱਡਾ ਪਿੰਡ ਬਾਦਲ ਪੁੱਜੇ। ਗ੍ਰਹਿ ਮੰਤਰੀ ਅਮਿਤ ਸ਼ਾਹ ਅੰਤਿਮ ਅਰਦਾਸ ਵਾਲੇ ਦਿਨ ਆਏ ਸਨ। ਅਜਿਹੇ 'ਚ ਹਰ ਵਾਰ ਗਠਜੋੜ ਦੀ ਗੁੰਜਾਇਸ਼ ਬਰਕਰਾਰ ਮੰਨੀ ਜਾਂਦੀ ਹੈ।

# ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਨਾਲ ਨਵੇਂ ਚੁਣੇ ਸਾਂਸਦ ਸੁਸ਼ੀਲ ਕੁਮਾਰ ਰਿੰਕੂ ਵੱਲੋਂ ਮੁਲਾਕਾਤ



ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪੰਜਾਬ ਵਿੱਚ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਵਿੱਚ 'ਆਪ' ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਦੀ ਜਿੱਤ ਤੋਂ ਬਾਅਦ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ। ਜਾਣਕਾਰੀ ਅਨੁਸਾਰ ਉਪ ਚੋਣ ਜਿੱਤਣ ਵਾਲੇ ਨਵੇਂ ਚੁਣੇ ਸੰਸਦ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਉਨ੍ਹਾਂ ਦੇ ਘਰ ਮੁਲਾਕਾਤ ਕੀਤੀ ਹੈ। ਇਸ ਦੌਰਾਨ ਉਨ੍ਹਾਂ ਨਾਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੀ ਮੌਜੂਦ ਸਨ।

ਦੂਜੇ ਪਾਸੇ ਜਲੰਧਰ ਲੋਕ ਸਭਾ ਉਪ ਚੋਣ 'ਚ 'ਆਪ' ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਦੀ ਜਿੱਤ ਤੋਂ ਬਾਅਦ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪ੍ਰੈੱਸ ਕਾਨਫਰੰਸ ਕੀਤੀ। ਪਾਰਟੀ ਦਫਤਰ 'ਚ ਮਾਨ ਨਾਲ ਪ੍ਰੈੱਸ ਕਾਨਫਰੰਸ 'ਚ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਨੇ ਕਿਹਾ ਕਿ ਅਸੀਂ ਧਰਮ ਅਤੇ ਜਾਤ ਦੀ ਰਾਜਨੀਤੀ ਨਹੀਂ ਕਰਦੇ। ਅਸੀਂ ਵਿਕਾਸ ਦੀ ਰਾਜਨੀਤੀ ਕਰਦੇ ਹਾਂ। ਇਸ ਜਿੱਤ ਲਈ ਜਲੰਧਰ ਵਾਸੀਆਂ ਨੂੰ ਬਹੁਤ-ਬਹੁਤ ਵਧਾਈਆਂ। ਜਨਤਾ ਨੇ ਸਾਡੇ ਕੰਮ ਦੀ ਰਾਜਨੀਤੀ 'ਤੇ ਮੋਹਰ ਲਗਾ ਦਿੱਤੀ ਹੈ। ਇਹ ਇਲਾਕਾ ਕਾਂਗਰਸ ਦਾ ਗੜ੍ਹ ਰਿਹਾ ਹੈ। ਤੁਸੀਂ ਉੱਥੇ ਡਟ ਕੇ ਚੋਣ ਜਿੱਤੀ ਹੈ।

ਦੂਜੇ ਪਾਸੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਵਿੱਚ ਸਾਡੀ ਸਰਕਾਰ ਨੂੰ 14 ਮਹੀਨੇ ਪੂਰੇ ਹੋ ਗਏ ਹਨ, ਲੋਕਾਂ ਨੇ ਇਹ ਜਿੱਤ ਦੇ ਕੇ ਸਾਡੇ ਕੰਮ ਦੀ ਪੁਸ਼ਟੀ ਕਰ ਦਿੱਤੀ ਹੈ। ਚੋਣਾਂ 'ਚ ਅਸੀਂ ਆਪਣੇ ਕੰਮਾਂ 'ਤੇ ਵੋਟਾਂ ਮੰਗੀਆਂ ਹਨ।

**13 ਲੋਕ ਸਭਾ ਸੀਟਾਂ ਜਿੱਤਣਗੇ**

ਜਲੰਧਰ ਸੀਟ 'ਤੇ 50 ਸਾਲਾਂ ਤੋਂ ਕਾਂਗਰਸ ਦੀ ਸਰਕਾਰ ਸੀ। ਕਾਂਗਰਸ ਸਮਝਦੀ ਸੀ ਕਿ ਇਹ ਉਨ੍ਹਾਂ ਦੀ ਸੀਟ ਹੈ, ਇਸ ਲਈ ਲੋਕ ਉਨ੍ਹਾਂ ਨੂੰ ਹੀ ਵੋਟ ਦੇਣਗੇ। ਉਨ੍ਹਾਂ ਦਾ ਕੋਈ ਵੀ ਵੱਡਾ ਆਗੂ ਵੋਟਾਂ ਮੰਗਣ ਨਹੀਂ ਆਇਆ। ਪਰ ਹੁਣ ਅਜਿਹਾ ਨਹੀਂ ਹੈ, 2024 ਵਿੱਚ ਵੀ ਅਸੀਂ 13 ਵਿੱਚੋਂ 13 ਲੋਕ ਸਭਾ ਸੀਟਾਂ ਜਿੱਤਾਂਗੇ।

# ਰਾਘਵ-ਪ੍ਰਨੀਤੀ ਮੰਗਣੀ ਮੌਕੇ ਕੀਰਤਨ ਕਰਨ ਵਾਲੇ ਜਥੇ ਨੇ ਮੰਗੀ ਮੁਆਫ਼ੀ



ਪਟਿਆਲਾ (ਪੰਜਾਬੀ ਅਖਬਾਰ ਬਿਊਰੋ)–:: ਆਮ ਆਦਮੀ ਪਾਰਟੀ ਦੇ ਸਾਂਸਦ ਰਾਘਵ ਚੱਢਾ ਤੇ ਪ੍ਰਨੀਤੀ ਦੀ ਬੀਤੇ ਦਿਨੀਂ ਹੋਈ ਮੰਗਣੀ ਮੌਕੇ ਕੀਰਤਨ ਕਰਨ ਵਾਲੇ ਜਥੇ ਨੇ ਮਾਫੀ ਮੰਗੀ ਹੈ। ਸ਼ਹਿਰ ਪਟਿਆਲਾ ਦੇ ਵਸਨੀਕ ਰਾਗੀ ਭਾਈ ਜਸਕਰਨ ਸਿੰਘ ਪਟਿਆਲਾ ਵੱਲੋਂ ਕੀਰਤਨ ਕਰਨ 'ਤੇ ਹੋਈ ਭੁੱਲ ਲਈ ਮਾਫ਼ੀ ਮੰਗ ਲਈ ਹੈ। ਰਾਗੀ ਭਾਈ ਜਸਕਰਨ ਸਿੰਘ ਨੇ ਕਿਹਾ ਕਿ ਮੰਗਣੀ ਸਮੇਂ ਕੀਤੇ ਕੀਰਤਨ ਦੀਆਂ ਤਸਵੀਰਾਂ ਵਾਇਰਲ ਹੋਣ ਤੋਂ ਬਾਅਦ ਬਹੁਤ ਸੰਗਤਾਂ ਨੇ ਇਤਰਾਜ਼ ਭਰੇ ਫੋਨ ਕੀਤੇ। ਉਨ੍ਹਾਂ ਕਿਹਾ ਕਿ ਕੀਰਤਨ ਸਮੇਂ ਨਾ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸੀ ਤੇ ਨਾ ਹੀ ਕੋਈ ਚੰਦੋਆ ਸਾਹਿਬ ਲਗਾਇਆ ਗਿਆ ਸੀ। ਕੀਰਤਨ ਦੀ ਸਟੇਜ ਉੱਚੀ ਸੀ। ਰਾਘਵ ਚੱਢਾ ਤੇ ਪਰਿਣੀਤੀ ਚੋਪੜਾ ਦੇ ਬੈਠਕ ਲਗਾ ਕੇ ਬੈਠਣ 'ਤੇ ਇਤਰਾਜ਼ ਜਤਾਇਆ ਜਾ ਰਿਹਾ ਹੈ। ਰਾਗੀ ਭਾਈ ਜਸਕਰਨ ਸਿੰਘ ਨੇ ਕਿਹਾ ਕਿ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਦੀ ਮੌਜੂਦਗੀ ਵਿਚ ਇਹ ਸਮਾਗਮ ਹੋ ਰਿਹਾ ਸੀ, ਜਿਸ ਲਈ ਉਨ੍ਹਾਂ ਨੇ ਕੋਈ ਵੀ ਇਤਰਾਜ਼ ਨਹੀਂ ਕੀਤਾ। ਉਥੇ ਹੀ ਇਕੱਲੇ ਰਾਘਵ ਚੱਢਾ ਤੇ ਪਰਿਣੀਤੀ ਚੋਪੜਾ ਬੈਠਕ ਲਗਾ ਕੇ ਨਹੀਂ ਸਗੋਂ, ਸਾਰੇ ਹੀ ਬੈਠਕ 'ਤੇ ਬੈਠੇ ਹਨ। ਉਨ੍ਹਾਂ ਕਿਹਾ ਕਿ ਸੰਗਤਾਂ ਦੇ ਮਨਾਂ ਨੂੰ ਪਹੁੰਚੀ ਠੇਸ ਲਈ ਮਾਫ਼ੀ ਮੰਗਦੇ ਹਾਂ, ਅਗਾਂਹ ਕਦੇ ਵੀ ਇਸ ਤਰ੍ਹਾਂ ਦੀ ਭੁੱਲ ਨਹੀਂ ਹੋਵੇਗੀ। ਜ਼ਿਕਰਯੋਗ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਦੇ ਰਾਘਵ ਚੱਢਾ ਤੇ ਪਰਿਣੀਤੀ ਚੋਪੜਾ ਦੀ ਮੰਗਣੀ ਮੌਕੇ ਪਹੁੰਚਣ 'ਤੇ ਮਾਮਲਾ ਭਖਿਆ ਹੋਇਆ ਹੈ। ਇਹ ਸਮਾਗਮ ਰਾਜ ਸਭਾ ਮੈਂਬਰ ਰਾਘਵ ਚੱਢਾ ਦੀ ਦਿੱਲੀ ਵਿਖੇ ਸਰਕਾਰੀ ਰਿਹਾਇਸ਼ ਕਪੂਰਥਲਾ ਹਾਊਸ ਵਿਖੇ ਹੋਇਆ ਸੀ, ਜਿਸ ਵਿਚ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ ਨੇ ਰਾਘਵ ਚੱਢਾ ਤੇ ਪਰਿਣੀਤੀ ਦੀ ਮੰਗਣੀ ਮੌਕੇ ਪਹੁੰਚ ਕੇ ਕੀਰਤਨ ਦਰਮਿਆਨ ਮੌਜੂਦ ਰਹੇ ਤੇ ਸਿਰੋਪਾਓ ਦੇ ਕੇ ਅਸ਼ੀਰਵਾਦ ਦਿੱਤਾ।

# ਕਰਨਾਟਕ ਫਤਹਿ ਮਗਰੋਂ ਕਾਂਗਰਸ ਹੁਣ ਕਿੰਨੇ ਰਾਜਾਂ 'ਚ ਕਿੰਗ?



ਨਵੀਂ ਦਿੱਲੀ (ਪੰਜਾਬੀ ਅਖਬਾਰ ਬਿਊਰੋ)- ਕਰਨਾਟਕ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਨੇ ਰਿਕਾਰਡ ਜਿੱਤ ਹਾਸਲ ਕੀਤੀ ਹੈ। ਪਾਰਟੀ ਨੂੰ ਜ਼ਬਰਦਸਤ ਬਹੁਮਤ ਮਿਲਿਆ ਹੈ। ਰਾਜ ਦੀ 224 ਮੈਂਬਰੀ ਵਿਧਾਨ ਸਭਾ ਵਿੱਚ ਕਾਂਗਰਸ ਨੇ 136 ਸੀਟਾਂ ਜਿੱਤੀਆਂ ਹਨ। ਕਰਨਾਟਕ 'ਚ ਜਿੱਤ ਤੋਂ ਬਾਅਦ ਹੁਣ ਕਾਂਗਰਸ ਕੋਲ ਚਾਰ ਸੂਬਿਆਂ 'ਚ ਪੂਰਨ ਬਹੁਮਤ ਵਾਲੀ ਸਰਕਾਰ ਹੈ, ਜਦਕਿ ਤਿੰਨ ਸੂਬਿਆਂ 'ਚ ਕਾਂਗਰਸ ਦੀ ਗਠਜੋੜ ਸਰਕਾਰ ਹੈ।

ਹੁਣ ਦੇਸ਼ ਵਿੱਚ ਕਰਨਾਟਕ, ਰਾਜਸਥਾਨ, ਛੱਤੀਸਗੜ੍ਹ ਤੇ ਹਿਮਾਚਲ ਪ੍ਰਦੇਸ਼ ਵਿੱਚ ਕਾਂਗਰਸ ਦੀਆਂ ਆਪਣੀਆਂ ਸਰਕਾਰਾਂ ਹਨ। ਇਸ ਦੇ ਨਾਲ ਹੀ ਝਾਰਖੰਡ, ਬਿਹਾਰ ਤੇ ਤਾਮਿਲਨਾਡੂ ਵਿੱਚ ਕਾਂਗਰਸ ਗਠਜੋੜ ਦੀ ਸਰਕਾਰ ਹੈ। ਕਾਂਗਰਸ ਦੇਸ਼ ਦੇ 22 ਫੀਸਦੀ ਭੂਗੋਲਿਕ ਖੇਤਰ 'ਤੇ ਰਾਜ ਕਰ ਰਹੀ ਹੈ ਤੇ ਦੇਸ਼ ਦੀ 13 ਫੀਸਦੀ ਆਬਾਦੀ ਕਾਂਗਰਸ ਦੇ ਨਾਲ ਹੈ।

**ਹਿਮਾਚਲ ਪ੍ਰਦੇਸ਼**

ਕਰਨਾਟਕ ਤੋਂ ਪਹਿਲਾਂ ਹਿਮਾਚਲ ਪ੍ਰਦੇਸ਼ ਵਿੱਚ ਕਾਂਗਰਸ ਨੇ ਵਿਧਾਨ ਸਭਾ ਚੋਣਾਂ (2022 ਵਿੱਚ) ਜਿੱਤੀਆਂ ਸਨ। ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਦਾ ਮੌਜੂਦਾ ਕਾਰਜਕਾਲ 2027 ਤੱਕ ਹੈ। ਰਾਜ ਵਿੱਚ ਕੁੱਲ 68 ਵਿਧਾਨ ਸਭਾ ਸੀਟਾਂ ਹਨ। ਇਨ੍ਹਾਂ ਵਿੱਚੋਂ ਕਾਂਗਰਸ ਨੇ 45 ਸੀਟਾਂ 'ਤੇ ਕਬਜ਼ਾ ਕਰਕੇ ਬਹੁਮਤ ਹਾਸਲ ਕੀਤਾ ਤੇ ਸੁਖਵਿੰਦਰ ਸਿੰਘ ਸੁੱਖੂ ਨੂੰ ਮੁੱਖ ਮੰਤਰੀ ਬਣਾਇਆ।

**ਰਾਜਸਥਾਨ**

ਰਾਜਸਥਾਨ ਵਿੱਚ ਇਸ ਸਾਲ ਦੇ ਅੰਤ ਤੱਕ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਇਸ ਤੋਂ ਪਹਿਲਾਂ ਸਾਲ 2018 'ਚ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਨੇ 200 'ਚੋਂ 100 ਸੀਟਾਂ 'ਤੇ ਜਿੱਤ ਹਾਸਲ ਕੀਤੀ ਸੀ। 2018 ਤੋਂ, ਰਾਜਸਥਾਨ ਵਿੱਚ ਕਾਂਗਰਸ ਦਾ ਸ਼ਾਸਨ ਪਾਰਟੀ ਦੇ ਅੰਦਰੂਨੀ ਕਲੇਸ਼ ਕਰਕੇ ਵਿਗੜਿਆ ਹੋਇਆ ਹੈ। ਇਸ ਦੇ ਦੋ ਸਭ ਤੋਂ ਵੱਡੇ ਨੇਤਾਵਾਂ, ਸਚਿਨ ਪਾਇਲਟ ਤੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਦੀ ਲੰਬੇ ਸਮੇਂ ਤੋਂ ਆਪਸੀ ਲੜਾਈ ਚੱਲ ਰਹੀ ਹੈ।

**ਛੱਤੀਸਗੜ੍ਹ**

ਰਾਜਸਥਾਨ ਵਾਂਗ ਛੱਤੀਸਗੜ੍ਹ ਵਿੱਚ ਵੀ ਇਸ ਸਾਲ ਦੇ ਅੰਤ ਤੱਕ ਚੋਣਾਂ ਹੋਣੀਆਂ ਹਨ। 2018 ਵਿੱਚ, ਕਾਂਗਰਸ ਨੇ ਛੱਤੀਸਗੜ੍ਹ ਵਿੱਚ ਭਾਜਪਾ ਨੂੰ ਹਰਾਇਆ ਸੀ। ਕਾਂਗਰਸ ਨੇ ਵਿਧਾਨ ਸਭਾ ਦੀਆਂ ਕੁੱਲ 90 ਸੀਟਾਂ ਵਿੱਚੋਂ 68 ਸੀਟਾਂ ਜਿੱਤ ਕੇ ਸਰਕਾਰ ਬਣਾਈ ਸੀ। 2003 ਤੋਂ 15 ਸਾਲ ਤੱਕ ਵਿਰੋਧੀ ਧਿਰ ਵਿੱਚ ਰਹਿਣ ਤੋਂ ਬਾਅਦ ਕਾਂਗਰਸ ਨੇ ਸੂਬੇ ਵਿੱਚ ਸਰਕਾਰ ਬਣਾਈ ਸੀ। ਇਸ ਤੋਂ ਬਾਅਦ ਭੁਪੇਸ਼ ਬਘੇਲ ਨੂੰ ਮੁੱਖ ਮੰਤਰੀ ਬਣਾਇਆ ਗਿਆ ਸੀ।

**ਕਰਨਾਟਕ**

ਕਾਂਗਰਸ ਨੇ 13 ਮਈ ਨੂੰ ਦੱਖਣੀ ਰਾਜ ਵਿੱਚ ਸ਼ਾਨਦਾਰ ਜਿੱਤ ਹਾਸਲ ਕੀਤੀ ਹੈ। ਭਾਜਪਾ ਨਾਲੋਂ ਲਗਪਗ ਦੁੱਗਣੀਆਂ ਸੀਟਾਂ ਜਿੱਤਣ ਤੋਂ ਬਾਅਦ ਹੁਣ ਕਾਂਗਰਸ ਇੱਥੇ ਸਰਕਾਰ ਬਣਾਉਣ ਲਈ ਪੂਰੀ ਤਰ੍ਹਾਂ ਤਿਆਰ ਹੈ। ਹੁਣ ਕਾਂਗਰਸ ਨੇ ਤੈਅ ਕਰਨਾ ਹੈ ਕਿ ਮੁੱਖ ਮੰਤਰੀ ਕੌਣ ਹੋਵੇਗਾ। ਇਸ ਦੌੜ ਵਿੱਚ ਇੱਕ ਪਾਸੇ ਸਾਬਕਾ ਮੁੱਖ ਮੰਤਰੀ ਸਿੱਧਰਮਈਆ ਤੇ ਦੂਜੇ ਪਾਸੇ ਫਾਇਰਬ੍ਰਾਂਡ ਸਿਆਸਤਦਾਨ ਡੀਕੇ ਸ਼ਿਵਕੁਮਾਰ ਹਨ।

# "ਮਾਂ ਤੋਂ ਵੱਡੀ ਅਸੀਸ ਨਾ ਕੋਈ, ਮਾਂ ਤੋਂ ਵੱਡਾ ਗੀਤ ਨਾ ਕੋਈ"

## ਕੈਲਗਰੀ ਲੇਖਕ ਸਭਾ ਤੇ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ ਵਿੱਚ ਇਹ ਗੀਤ ਗਾਇਆ ਗਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਰਾਈਟਰਜ਼ ਫੋਰਮ ਹੁਣ 'ਕੈਲਗਰੀ ਲੇਖਕ ਸਭਾ ਤੇ ਕਲਚਰਲ ਐਸੋਸੀਏਸ਼ਨ' ਦੇ ਨਾਂ ਹੇਠ ਰਜਿਸਟਰ ਹੋ ਚੁੱਕੀ ਹੈ। ਇਸ ਦੀ ਮਾਸਕ ਮੀਟਿੰਗ 6 ਮਈ ਨੂੰ ਕੋਸੋ ਹਾਲ ਵਿੱਚ ਹੋਈ। ਇਸ ਦੀ ਪ੍ਰਧਾਨਗੀ ਡਾ: ਬਲਵਿੰਦਰ ਕੌਰ ਬਰਾੜ ਅਤੇ ਸੁਰਿੰਦਰ ਢਿੱਲੋਂ ਨੇ ਕੀਤੀ। ਸਭਾ ਦੇ ਪ੍ਰਧਾਨ ਜਸਵੀਰ ਸਿਹੋਤਾ ਨੇ ਮੰਚ ਦਾ ਸੰਚਾਲਨ ਕੀਤਾ। ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਾਹਿਤਕਾਰ ਡਾ: ਸੁਰਜੀਤ ਲੀ ਅਤੇ ਬੂਟਾ ਸਿੰਘ ਸ਼ਾਦ ਨਮਿੱਤ ਸ਼ਰਧਾਂਜਲੀ ਅਰਪਿਤ ਕੀਤੀ ਗਈ। ਜਸਵੀਰ ਸਿਹੋਤਾ ਨੇ ਮਈ ਦਿਵਸ ਅਤੇ ਮਾਂ ਦਿਵਸ ਦੇ ਮਹੱਤਵ ਬਾਰੇ ਆਪਣੇ ਵਿਚਾਰ ਰੱਖੇ। ਡਾ: ਬਲਵਿੰਦਰ ਕੌਰ ਬਰਾੜ ਨੇ ਸੁਰਜੀਤ ਲੀ ਅਤੇ ਉਨ੍ਹਾਂ ਦੀ ਪਤਨੀ ਹਰਿੰਦਰ ਕੌਰ ਸੋਹੀ ਨਾਲ ਗੁਜ਼ਾਰੇ ਸਮੇਂ ਦੇ ਅਨੁਭਵ ਸਾਂਝੇ ਕੀਤੇ। ਉਨ੍ਹਾਂ ਨੇ ਪੱਛਮੀ ਦੁਨੀਆਂ ਅਤੇ ਭਾਰਤ ਵਿੱਚ ਮਜ਼ਦੂਰੀ ਦੇ ਸੰਕਲਪ ਵਿੱਚ ਵਖਰੇਵੇਂ ਨੂੰ ਉਜਾਗਰ ਕੀਤਾ। ਨਛੱਤਰ ਸਿੰਘ ਪੁਰਬਾ ਨੇ ਗੁਰਬਾਣੀ ਦੇ ਹਵਾਲੇ ਨਾਲ ਅੱਖਰਾਂ ਦੀ ਮਹਿਮਾ ਬਿਆਨ ਕੀਤੀ। ਧੁਨੀ ਦੀ ਬਣਤਰ, ਆਕਾਰ ਅਤੇ ਫਰੀਕੁਐਂਸੀ ਬਾਰੇ ਖੋਜ ਭਰਪੂਰ ਤੱਥ ਸਾਹਮਣੇ ਲਿਆਂਦੇ। ਜਸਵੰਤ ਸਿੰਘ ਸੇਖੋਂ ਨੇ ਦੱਸਿਆ ਕਿ ਉਸ ਨੇ ਭਾਈ ਗੁਰਦਾਸ ਦੀਆਂ ਲਿਖਤਾਂ ਤੋਂ ਪ੍ਰੇਰਨਾ ਲੈ ਕੇ ਸ਼ਾਇਰੀ ਦੀ ਰਚਨਾ ਸ਼ੁਰੂ ਕੀਤੀ। ਉਸ ਨੇ ਸਰਵਣ ਪੁੱਤਰ ਬਾਰੇ ਅਤੇ ਸਰੂਪ ਸਿੰਘ ਮੰਡੇਰ ਨੇ ਮਾਂ ਬਾਰੇ ਕਵੀਸ਼ਰੀ ਗਾਇਨ ਕਰ ਕੇ ਅਖਾੜੇ ਦਾ ਮਾਹੌਲ ਸਿਰਜ ਦਿੱਤਾ। ਡਾ: ਜੋਗਾ ਸਿੰਘ ਸਹੋਤਾ ਦਾ ਗੀਤ - ਹੁੰਦੀ ਜੱਗ ਤੋਂ ਨਿਆਰੀ ਪਿਆਰੀ ਮਾਂ- ਅੱਖਾਂ ਸੇਜਲ ਕਰ ਗਿਆ। ਉਸ ਦਾ ਦੂਜਾ ਗੀਤ, ਸਭ ਮਾਲਕ ਦੇ ਰੰਗ ਨੇ ਸੱਜਣਾ, ਸੰਗੀਤ ਦਾ ਰੰਗ ਹੋਰ ਗੂੜ੍ਹਾ ਕਰ ਗਿਆ। ਜਗਦੀਸ਼ ਕੌਰ ਸਰੋਆ ਨੇ ਸਰਨਾਵਾਂ ਨਾਂ ਦੀ ਕਵਿਤਾ, ਜਦ ਦੀ ਮਾਂ ਰੁਖਸਤ ਹੈ ਹੋਈ, ਮੈਥੋਂ ਛੁੱਟ ਗਈਆਂ ਉਹ ਰਾਹਵਾਂ, ਸੁਣਾ ਕੇ ਵਿਰਾਗ ਪੈਦਾ ਕਰ ਦਿੱਤਾ। ਮਾਂ ਤੋਂ ਵੱਡੀ ਅਸੀਸ ਨਾ ਕੋਈ, ਮਾਂ ਤੋਂ ਵੱਡਾ ਗੀਤ ਨਾ ਕੋਈ ਇਹ ਸੁਰਿੰਦਰ ਕੌਰ ਕੈਂਥ ਦੀ ਕਵਿਤਾ ਸੀ। ਸੁਰਿੰਦਰ ਢਿੱਲੋਂ ਨੇ ਮਈ ਦਿਵਸ ਨੂੰ ਸਨਅਤੀਕਰਨ ਨਾਲ ਜੋੜਿਆ। ਉਸ ਨੇ ਕਿਹਾ ਕਿ ਗੁਰਬਾਣੀ ਅੰਦਰ ਸ਼ਬਦਾਂ ਦੀ ਚੋਣ, ਘਾੜਤ ਅਤੇ ਜੜਤ ਪ੍ਰਭਾਵਸ਼ਾਲੀ ਸੁਨੇਹਾ ਦੇਣ ਲਈ ਕੀਤੀ ਗਈ। ਡਾ: ਮਨਮੋਹਨ ਬਾਠ ਨੇ ਪਿਆਰਾ ਗੀਤ ਸੁਣਾਕੇ ਗਾਇਕੀ ਦਾ ਰੰਗ ਬਿਖੇਰ ਦਿੱਤਾ। ਪਰਮਜੀਤ ਪੈਰੀ ਮਾਹਲ ਨੇ ਮਜ਼ਦੂਰੀ ਦੀ ਕਦਰ ਬਾਰੇ ਵਿਚਾਰ ਪੇਸ਼ ਕੀਤੇ। ਉਸ ਨੇ ਮਿਥਿਹਾਸ ਦੀਆਂ ਕਹਾਣੀਆਂ ਦੇ ਸੱਚ ਬਾਰੇ ਸਵਾਲ ਖੜ੍ਹਾ ਕੀਤਾ ਜਿਸ ਦੇ ਜਵਾਬ ਵੱਜੋਂ ਜਸਵੀਰ ਸਿਹੋਤਾ ਨੇ ਨਿਰਣਾ ਦਿੱਤਾ ਕਿ ਇਹ ਕਹਾਣੀਆਂ ਅਸਲੀਅਤ ਦੇ ਨੇੜੇ ਅਤੇ ਅਸਲੀਅਤ ਵਿੱਚੋਂ ਹੀ ਨਿਕਲੀਆਂ ਹਨ। ਅਮਰੀਕ ਸਿੰਘ ਸਰੋਆ ਨੇ ਦਿਲਚਸਪ ਕਹਾਣੀ ਸੁਣਾਈ। ਗੁਰਦਿਲਰਾਜ ਸਿੰਘ ਦਾਨੇਵਾਲੀਆ ਨੇ ਕੈਨੇਡਾ ਆਉਣ ਤੇ ਇੱਥੋਂ ਬਾਰੇ ਅਨੁਭਵ ਸਾਂਝੇ ਕੀਤੇ। ਉਸ ਨੂੰ ਕਿਸੇ ਦੇ ਕੀਤੇ ਇਹ ਸਵਾਲ ਅਜੇ ਵੀ ਸੋਚੀਂ ਪਾ ਰਹੇ ਹਨ ਕਿ ਉਹ ਕੈਨੇਡਾ ਬਾਰੇ ਕੀ ਜਾਣਦਾ ਹੈ ਅਤੇ ਉਹ ਏਥੇ ਕਿਉਂ ਆਇਆ। ਜਗਦੇਵ ਸਿੱਧੂ ਨੇ ਸੁਰਜੀਤ ਲੀ ਦੀ ਜੀਵਨੀ ਅਤੇ ਉਸ ਦੇ ਓਦੋਂ ਵਾਲੇ ਭੂਤਵਾੜੇ ਦੇ ਭੂਤਾਂ (ਸੁਤਿੰਦਰ ਨੂਰ, ਹਰਬੰਸ ਬਰਾੜ, ਗੁਰਭਗਤ ਸਿੰਘ, ਦਿਲਜੀਤ ਲਾਲੀ, ਹਰਿੰਦਰ ਸਿੰਘ ਮਹਿਬੂਬ, ਸੁਰਜੀਤ ਪਾਤਰ ਵਗੈਰਾ) ਨਾਲ ਸੰਬੰਧਾਂ ਦੀ ਗੱਲ ਕੀਤੀ। ਅੰਤ ਵਿੱਚ ਜਸਵੀਰ ਸਿਹੋਤਾ ਨੇ ਪੇਸ਼ਕਾਰੀਆਂ ਦੇ ਮਿਆਰ ਦੀ ਤਾਰੀਫ਼ ਕੀਤੀ।

# ਪੰਜਾਬ 'ਚ ਮਹਿੰਗੀ ਹੋਈ ਬਿਜਲੀ



ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)-:ਪੰਜਾਬ ਵਿਚ ਬਿਜਲੀ ਦਰਾਂ ਵਿਚ ਵਾਧਾ ਕਰ ਦਿੱਤਾ ਗਿਆ ਹੈ। ਇਸ ਬਾਬਤ ਹੁਕਮ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਨੇ ਜਾਰੀ ਕਰ ਦਿੱਤੇ ਹਨ। ਇਸ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਐਲਾਨ ਕੀਤਾ ਕਿ ਸੋਧੇ ਹੋਏ ਟੈਰਿਫ ਦਾ ਆਮ ਆਦਮੀ 'ਤੇ ਕੋਈ ਅਸਰ ਨਹੀਂ ਪਵੇਗਾ। ਉਨ੍ਹਾਂ ਕਿਹਾ ਕਿ ਇਹ ਵਾਧਾ ਸਰਕਾਰ ਵੱਲੋਂ ਸਹਿਣ ਕੀਤਾ ਜਾਵੇਗਾ।

ਜਾਰੀ ਹੁਕਮਾਂ ਮੁਤਾਬਕ ਘਰੇਲੂ ਖਪਤਕਾਰਾਂ ਲਈ 2 ਕਿੱਲੋਵਾਟ ਲੋਡ ਤੱਕ ਲਈ ਪਹਿਲੇ 100 ਯੂਨਿਟ ਲਈ ਦਰ 3.49 ਰੁਪਏ ਤੋਂ ਵਧਾ ਕੇ 4.19 ਰੁਪਏ ਪ੍ਰਤੀ ਯੂਨਿਟ ਕਰ ਦਿੱਤੀ ਗਈ ਹੈ। ਇਸਦੇ ਨਾਲ ਹੀ ਫਿਕਸ ਚਾਰਜਿਜ਼ ਵੀ 35 ਰੁਪਏ ਤੋਂ ਵਧਾ ਕੇ 50 ਰੁਪਏ ਪ੍ਰਤੀ ਕਿੱਲੋਵਾਟ ਕਰ ਦਿੱਤੇ ਗਏ ਹਨ। ਇਸ ਤੋਂ ਇਲਾਵਾ 101 ਤੋਂ 300 ਯੂਨਿਟ ਤੱਕ ਦਰ 5.84 ਰੁਪਏ ਤੋਂ ਵਧਾ ਕੇ 6.64 ਰੁਪਏ ਪ੍ਰਤੀ ਯੂਨਿਟ ਕੀਤੇ ਗਏ ਹਨ ਤੇ 300 ਯੂਨਿਟ ਤੋਂ ਵੱਧ ਲਈ 7.30 ਰੁਪਏ ਤੋਂ ਵਧਾ ਕੇ 7.75 ਰੁਪਏ ਪ੍ਰਤੀ ਯੂਨਿਟ ਦਰ ਕੀਤੀ ਗਈ ਹੈ।

2 ਤੋਂ 7 ਕਿੱਲੋਵਾਟ ਤੱਕ ਲੋਡ ਵਾਲੇ ਖਪਤਕਾਰਾਂ ਲਈ ਪਹਿਲੇ 100 ਯੂਨਿਟ ਤੱਕ ਦਰ 3.74 ਰੁਪਏ ਦੀ ਥਾਂ ਹੁਣ 4.44 ਰੁਪਏ ਹੋਵੇਗੀ। 100 ਤੋਂ 300 ਤੱਕ 5.84 ਰੁਪਏ ਦੀ ਥਾਂ 6.64 ਰੁਪਏ ਪ੍ਰਤੀ ਯੂਨਿਟ, 300 ਤੋਂ ਵੱਧ ਲਈ 7.30 ਰੁਪਏ ਦੀ ਥਾਂ 7.75 ਰੁਪਏ ਪ੍ਰਤੀ ਯੂਨਿਟ ਦੇਣੇ ਪੈਣਗੇ। ਇਸ ਵਰਗ ਲਈ ਫਿਕਸ ਚਾਰਜਿਜ਼ 60 ਤੋਂ ਵਧਾ ਕੇ 75 ਰੁਪਏ ਪ੍ਰਤੀ ਕਿੱਲੋਵਾਟ ਕੀਤੇ ਗਏ ਹਨ। 7 ਤੋਂ 50 ਕਿੱਲੋਵਾਟ ਲੋਡ ਵਾਲੇ ਖਪਤਕਾਰਾਂ ਲਈ ਦਰ ਹੁਣ ਪਹਿਲੇ 100 ਯੂਨਿਟ 4.64 ਰੁਪਏ ਦੀ ਥਾਂ 5.34 ਰੁਪਏ ਪ੍ਰਤੀ ਯੂਨਿਟ, 100 ਤੋਂ 300 ਲਈ 6.50 ਰੁਪਏ ਦੀ ਥਾਂ 7.15 ਰੁਪਏ ਪ੍ਰਤੀ ਯੂਨਿਟ, 300 ਤੋਂ ਵੱਧ ਲਈ 7.50 ਰੁਪਏ ਦੀ ਥਾਂ 7.75 ਰੁਪਏ ਪ੍ਰਤੀ ਯੂਨਿਟ ਦਰ ਹੋਵੇਗੀ। ਇਸ ਵਰਗ ਲਈ ਫਿਕਸ ਚਾਰਜਿਜ਼ 95 ਰੁਪਏ ਤੋਂ ਵਧਾ ਕੇ 110 ਰੁਪਏ ਪ੍ਰਤੀ ਕਿਲੋਵਾਟ ਕੀਤੇ ਗਏ ਹਨ। 50 ਤੋਂ 100 ਕਿੱਲੋਵਾਟ ਲੋਡ ਵਾਲੇ ਖਪਤਕਾਰਾਂ ਲਈ 6.43 ਰੁਪਏ ਦੀ ਥਾਂ 6.75 ਰੁਪਏ ਪ੍ਰਤੀ ਯੂਨਿਟ ਚਾਰਜਿਜ਼ ਹੋਣਗੇ। ਇਸ ਵਰਗ ਲਈ ਫਿਕਸ ਚਾਰਜਿਜ਼ 115 ਤੋਂ ਵਧਾ ਕੇ 130 ਰੁਪਏ ਪ੍ਰਤੀ ਕਿੱਲੋਵਾਟ ਕੀਤੇ ਗਏ ਹਨ। 100 ਕਿੱਲੋਵਾਟ ਤੋਂ ਵੱਧ ਲੋਡ ਵਾਲੇ ਖਪਤਕਾਰਾਂ ਲਈ 6.63 ਦੀ ਥਾਂ ਹੁਣ 6.96 ਰੁਪਏ ਪ੍ਰਤੀ ਯੂਨਿਟ ਦਰ ਹੋਵੇਗੀ ਅਤੇ ਫਿਕਸ ਚਾਰਜਿਜ਼ 125 ਰੁਪਏ ਤੋਂ ਵੱਧਾ ਕੇ 140 ਰੁਪਏ ਪ੍ਰਤੀ ਕਿੱਲੋਵਾਟ ਕੀਤੇ ਗਏ ਹਨ।

ਗੈਰ-ਰਿਹਾਇਸ਼ੀ ਖਪਤਕਾਰਾਂ ਲਈ 7 ਕਿੱਲੋਵਾਟ ਤੱਕ ਲੋਡ ਵਾਲੇ ਖਪਤਕਾਰਾਂ ਲਈ 500 ਯੂਨਿਟ ਤੱਕ ਦਰਾਂ ਪਹਿਲਾਂ ਵਾਲੀਆਂ ਰਹਿਣਗੀਆਂ ਪਰ ਫਿਕਸ ਚਾਰਜਿਜ਼ 45 ਤੋਂ ਵਧਾ ਕੇ 70 ਰੁਪਏ ਪ੍ਰਤੀ ਕਿੱਲੋਵਾਟ ਕੀਤੇ ਗਏ ਹਨ। 500 ਯੂਨਿਟ ਤੋਂ ਵੱਧ ਲਈ ਦਰਾਂ 7.29 ਰੁਪਏ ਦੀ ਥਾਂ 7.75 ਰੁਪਏ ਪ੍ਰਤੀ ਯੂਨਿਟ ਹੋਣਗੀਆਂ। 7 ਤੋਂ 20 ਕਿੱਲੋਵਾਟ ਲੋਡ ਵਾਲੇ ਖਪਤਕਾਰਾਂ ਲਈ 500 ਯੂਨਿਟ ਤੱਕ ਦਰਾਂ ਪਹਿਲਾਂ ਵਾਲੀਆਂ ਰਹਿਣਗੀਆਂ ਪਰ ਫਿਕਸ ਚਾਰਜਿਜ਼ 70 ਰੁਪਏ ਦੀ ਥਾਂ 110 ਰੁਪਏ ਪ੍ਰਤੀ ਕਿਲੋਵਾਟ ਹੋਣਗੇ। 500 ਤੋਂ ਵੱਧ ਲਈ ਦਰ 7.29 ਰੁਪਏ ਦੀ ਥਾਂ 7.75 ਰੁਪਏ ਪ੍ਰਤੀ ਯੂਨਿਟ ਹੋਵੇਗੀ।


ਐਡਮਿੰਟਨ ਵਿਖੇ ਖ਼ਾਲਸੇ ਦੇ ਸਾਜਨਾ ਦਿਵਸ

ਵਿਸਾਖੀ ਨੂੰ ਸਮਰਪਿਤ 23ਵਾਂ ਮਹਾਨ ਨਗਰ ਕੀਰਤਨ

21 ਮਈ, 2023, ਐਤਵਾਰ, ਵਿਕਟੋਰੀਆ ਡੇ ਲੌਂਗ ਵੀਕਇੰਡ ਨੂੰ

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ

ਗੁਰੂ ਪਿਆਰੀ ਸਾਧ ਸੰਗਤ ਜੀਓ, ਪਿਛਲੇ ਸਾਲਾਂ ਦੀ ਤਰਾਂ ਐਡਮਿੰਟਨ ਦੀਆਂ ਸਮੂਹ ਸੰਗਤਾਂ ਵਲੋਂ ਖਾਲਸੇ ਦੇ ਸਿਰਜਨਾ ਦਿਵਸ ਨੂੰ ਸਮਰਪਿਤ ਵਿਸਾਖੀ ਨਗਰ ਕੀਰਤਨ ਦਾ ਪ੍ਰਬੰਧ 21 ਮਈ, 2023 ਦਿਨ ਐਤਵਾਰ (ਵਿਕਟੋਰੀਆ ਡੇ ਲੌਂਗ ਵੀਕਇੰਡ) ਨੂੰ ਕੀਤਾ ਗਿਆ ਹੈ।

ਪੰਜ ਪਿਆਰਿਆਂ ਅਤੇ ਧੰਨੁ ਧੰਨੁ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਹੇਠ ਨਗਰ ਕੀਰਤਨ ਠੀਕ 12:00 ਵਜੇ ਬਾਅਦ ਦੁਪਹਿਰ ਅਰਦਾਸ ਕਰਨ ਉਪਰੰਤ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਤੋਂ ਅਰੰਭ ਹੋਵੇਗਾ ਅਤੇ 1:30 ਵਜੇ ਪੋਲਾਰਡ ਮੈਡੋਜ਼ ਪਾਰਕ (ਟੀ ਡੀ ਬੇਕਰ ਸਕੂਲ ਦੇ ਉਤਰ ਵਿੱਚ) ਪੁਜੇਗਾ। ਇਥੇ ਪਹੁੰਚਣ ਤੇ 2 ਘੰਟੇ 30 ਮਿੰਟ ਲਈ ਸਟੇਜ ਸੱਜੇਗੀ ਜਿਸ ਵਿਚ ਰਾਗੀ ਜੱਥੇ, ਢਾਡੀ ਜੱਥੇ ਅਤੇ ਹੋਰ ਬੁਲਾਰੇ ਗੁਰੂ ਜੱਸ, ਇਤਿਹਾਸ ਸਰਵਣ ਕਰਵਾਉਣਗੇ ਅਤੇ ਆਪਣੀਆਂ ਸ਼ੁਭ ਇੱਛਾਵਾਂ ਸੰਗਤਾਂ ਨਾਲ ਸਾਂਝੀਆਂ ਕਰਨਗੇ। ਪੋਲਾਰਡ ਮੈਡੋਜ਼ ਪਾਰਕ ਤੋਂ ਨਗਰ ਕੀਰਤਨ 4:00 ਵਜੇ ਫਿਰ ਚਾਲੇ ਪਾਕੇ 5:00 ਵਜੇ ਗੁਰਦਵਾਰਾ ਮਿੱਲਵੁਡਜ਼ ਪਹੁੰਚੇਗਾ।







ਗੁਰਦਵਾਰਾ ਮਿਲਵੁਡਜ਼, ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਅਤੇ ਪੋਲਾਰਡ ਮੈਡੋਜ਼ ਪਾਰਕ ਵਿਖੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ।

ਧਿਆਨ ਰੱਖਣਯੋਗ - ਜ਼ਰੂਰੀ ਗੱਲਾਂ

- ਨਗਰ ਕੀਰਤਨ ਠੀਕ 12:00 ਵਜੇ ਅਰਦਾਸ ਕਰਨ ਦੁਪਹਿਰ ਚਾਲੇ ਪਾਵੇਗਾ। ਸੰਗਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਿੱਛੇ ਪਿੱਛੇ ਚਲਣ, ਅੱਗੇ ਜਾਂ ਬਰਾਬਰ ਚਲਣ ਦੀ ਕੋਸ਼ਿਸ ਨਾ ਕਰਨਾ ਜੀ।
- ਆਪ ਸਭ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਉਸ ਦਿਨ ਆਪਣੇ ਪਰਿਵਾਰਾਂ, ਰਿਸ਼ਤੇਦਾਰਾਂ, ਦੋਸਤਾਂ ਮਿਤਰਾਂ ਨੂੰ ਨਾਲ ਲੈ ਕੇ ਨਗਰ ਕੀਰਤਨ ਵਿਚ ਸ਼ਾਮਲ ਹੋਕੇ ਨਗਰ ਕੀਰਤਨ ਦੀ ਰੌਣਕ ਨੂੰ ਵਧਾਓ ਅਤੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।
- ਆਪ ਸਭ ਸੰਗਤਾਂ ਨੂੰ ਇਹ ਬੇਨਤੀ ਵੀ ਹੈ ਕਿ ਉਸ ਦਿਨ ਵੀਰ ਆਪਣੇ ਸਿਰਾਂ ਤੇ ਕੇਸਰੀ ਰੰਗ ਦੀਆਂ ਦਸਤਾਰਾਂ ਅਤੇ ਬੀਬੀਆਂ ਆਪਣੇ ਸਿਰਾਂ ਤੇ ਕੇਸਰੀ ਰੰਗ ਦੇ ਦੁਪੱਟੇ ਸਜਾਕੇ ਨਗਰ ਕੀਰਤਨ ਵਿਚ ਸ਼ਾਮਲ ਹੋਣ।
- ਨਗਰ ਕੀਰਤਨ ਦੇ ਰਸਤੇ ਜਾਂ ਜਿਥੇ ਕਾਰਾਂ ਪਾਰਕ ਕਰਨੀਆਂ ਮਨ੍ਹਾਂ ਹਨ, ਉਥੇ ਕਾਰਾਂ ਬਿਲਕੁਲ ਖੜ੍ਹੀਆਂ ਨਹੀਂ ਕਰਨੀਆਂ। ਨਹੀਂ ਤਾਂ ਕਾਰਾਂ ਉਥੋਂ ਟੋਅ ਕੀਤੀਆਂ ਜਾ ਸਕਦੀਆਂ ਹਨ। ਟਰੈਫਿਕ ਨਿਯਮਾਂ ਦੀ ਉਲੰਘਣਾਂ ਲਈ ਟਿਕਟ ਵੀ ਮਿਲ ਸਕਦੀ ਹੈ। ਪੁਲੀਸ ਵਲੋਂ ਇਸ ਬਾਰੇ ਸਖਤ ਹਦਾਇਤਾਂ ਹਨ। ਗੁਰਦੁਆਰਿਆਂ ਵਿੱਚ ਵੀ ਪਾਰਕਿੰਗ ਦੀ ਮਨਾਹੀ ਹੈ।
- ਪਾਰਕ ਐਂਡ ਰਾਈਡ: 2704-17 ਸਟਰੀਟ ਸਥਿਤ ਮੈਡੋਜ਼ ਰੀਕਰੇਸ਼ਨਲ ਸੈਂਟਰ ਦੇ ਪਿਛਲੇ ਪਾਸੇ ਉਨਾਂ ਦੇ ਲਾਟ H ਅਤੇ 2707 ਮਿਲਵੁਡਜ਼ ਰੋਡ ਸਥਿਤ ਜੇ ਪਰਸੀ ਪੇਜ ਸਕੂਲ ਵਿੱਚ ਕਾਰਾਂ ਪਾਰਕ ਕੀਤੀਆਂ ਜਾ ਸਕਦੀਆਂ ਹਨ, ਉਥੋਂ ਸੰਗਤਾਂ ਨੂੰ ਨਗਰ ਕੀਰਤਨ ਤੱਕ ਅਤੇ ਵਾਪਸ ਮੈਡੋਜ਼ ਰੀਕਰੇਸ਼ਨਲ ਸੈਂਟਰ ਪਾਰਕਿੰਗ ਲਾਟ ਤੱਕ ਰਾਈਡ ਦਿੱਤੀ ਜਾਵੇਗੀ।
- ਨਗਰ ਕੀਰਤਨ ਦੇ ਰਸਤੇ ਵਿਚ ਲੋਕਾਂ ਦੀਆਂ ਜਾਇਦਾਦਾਂ ਦਾ ਖਿਆਲ ਰੱਖਣਾ ਹੈ। ਘਾਹ ਵਗੈਰਾ ਉੱਪਰ ਬਿਲਕੁਲ ਨਹੀਂ ਚਲਣਾ ਜੀ।
- ਆਪਦੀ ਸਹੂਲਤ ਲਈ ਨਗਰ ਕੀਰਤਨ ਵਾਲੇ ਦਿਨ ਦੋਨਾਂ ਗੁਰਦਵਾਰਿਆਂ ਦੀਆਂ ਪਾਰਕਿੰਗ ਲਾਟਾਂ ਵਿਚ ਅਤੇ **ਰਸਤੇ ਵਿਚ** ਟੀ ਡੀ ਬੇਕਰ ਅਤੇ ਪੋਲਾਰਡ ਮੈਡੋਜ਼ ਸਕੂਲਾਂ ਕੋਲ ਵਾਸ਼ਰੂਮ ਰੱਖੇ ਜਾ ਰਹੇ ਹਨ। ਲੋੜ ਪੈਣ ਤੇ ਇਨਾਂ ਵਾਸ਼ਰੂਮਾਂ ਦੀ ਵਰਤੋਂ ਕਰੋ ਜੀ। ਨਗਰ ਕੀਰਤਨ ਦੇ ਰਸਤੇ ਵਿਚ ਆਉਂਦੇ ਘਰਾਂ ਅਤੇ ਵਪਾਰਕ ਅਦਾਰਿਆਂ ਦੇ ਵਾਸ਼ਰੂਮ ਨਾ ਵਰਤੋਂ ਜੀ।
- ਸਫਾਈ ਦਾ ਵੱਧ ਤੋਂ ਵੱਧ ਖਿਆਲ ਰੱਖਣਾ ਜੀ। ਨਗਰ ਕੀਰਤਨ ਦੇ ਰਸਤੇ ਅਤੇ ਗੁਰਦਵਾਰਿਆਂ ਵਿਚ ਹੇਠਾਂ ਪਿਆ ਗਾਰਬੇਜ ਚੁੱਕ ਕੇ ਬੈਗ ਵਿਚ ਪਾਕੇ ਨਿਯਤ ਕੀਤੇ ਡਬਿਆਂ ਵਿਚ ਸੁੱਟ ਕੇ ਪ੍ਰਬੰਧਕਾਂ ਦੀ ਮਦਦ ਕਰੋ ਜੀ। ਰਸਤੇ ਵਿਚ ਜੋ ਸੰਗਤਾਂ ਲਈ ਚਾਹ ਪਾਣੀ ਵਰਤਾਉਂਦੀਆਂ ਹਨ ਉਨਾਂ ਅੱਗੇ ਬੇਨਤੀ ਹੈ ਕਿ ਸਫਾਈ ਦਾ ਖਾਸ ਖਿਆਲ ਰੱਖਿਆ ਜਾਵੇ।
- ਆਪਣੀ ਅਤੇ ਆਪਣੇ ਬਚਿਆਂ ਦੀ ਸੁੱਰਖਿਆ ਦਾ ਖਾਸ ਖਿਆਲ ਰੱਖਣਾ ਹੈ। ਆਪਣੇ ਬੱਚਿਆਂ ਦੇ ਖੁੱਦ ਜ਼ੁੰਮੇਵਾਰ ਹੋ ਅਤੇ ਉਨਾਂ ਨੂੰ ਸੰਭਾਲ ਕੇ ਰੱਖੋ ਜੀ। ਨਗਰ ਕੀਰਤਨ ਦੇ ਰਸਤੇ ਵਿਚ ਅਤੇ ਗੁਰਦੁਆਰਿਆਂ ਵਿਚ ਲਗੇ ਸਟਾਲਾਂ ਤੋਂ ਖਾਣਾ ਆਪਣੀ ਜ਼ੁੰਮੇਵਾਰੀ ਤੇ ਲੈਕੇ ਖਾਣਾ ਹੈ। ਬੱਚਿਆਂ ਦੀਆਂ ਜੇਬਾਂ ਵਿਚ ਮਾ-ਬਾਪ ਆਪਣੇ ਨਾਮ ਅਤੇ ਫੋਨ ਨੰਬਰ ਦੀ ਬੇਨਤੀ।
- ਨਗਰ ਕੀਰਤਨ ਦੌਰਾਨ ਬਿਨਾਂ ਇਜਾਜ਼ਤ ਵੰਡੇ ਜਾਣ ਵਾਲੇ ਇਸ਼ਤਿਹਾਰ ਜਾਂ ਪੱਤਰਾਂ ਦੀ ਵਿਸਾਖੀ ਨਗਰ ਕੀਰਤਨ ਕਮੇਟੀ ਦੀ ਕੋਈ ਜ਼ੁੰਮੇਵਾਰੀ ਨਹੀਂ ਹੈ।
- ਆਪਣੇ ਆਲੇ-ਦੁਆਲੇ ਦੀ ਸੁਰੱਖਿਆ ਲਈ ਸੁਚੇਤ ਰਹੋ। ਜੇ ਕੋਈ ਸ਼ੱਕੀ ਚੀਜ਼ ਦਿਸੇ, ਤਾਂ ਉਸ ਨੂੰ ਹੱਥ ਨਾਂਹ ਲਾਓ, ਸਗੋਂ ਪੁਲੀਸ ਨੂੰ ਰੀਪੋਰਟ ਕਰੋ।
- ਅਸੀਂ ਉਨਾਂ ਸਾਰੇ ਪਰਿਵਾਰਾਂ ਅਤੇ ਵਿਪਾਰੀਆਂ ਦੇ ਬਹੁਤ ਧੰਨਵਾਦੀ ਹਾਂ ਜੋ ਨਗਰ ਕੀਰਤਨ ਦੌਰਾਨ ਸਟਾਲ ਲਾਕੇ ਸੰਗਤਾਂ ਲਈ ਚਾਹ ਪਾਣੀ ਆਦਿ ਦੀ ਸੇਵਾ ਕਰਦੇ ਹਨ। ਜੇਕਰ ਤੁਸੀ ਗੁਰਦਵਾਰਿਆਂ ਵਿਚ ਜਾਂ ਨਗਰ ਕੀਰਤਨ ਦੇ ਰਸਤੇ ਵਿੱਚ ਭੋਜਨ ਮੁਹੱਈਆ ਕਰਵਾਉਣਾ ਚਾਹੁੰਦੇ ਹੋ ਤਾਂ ਇਹ ਯਕੀਨੀ ਬਣਾਉ ਕਿ ਤੁਹਾਨੂੰ Alberta Health Services, Edmonton Fire Department ਅਤੇ ਐਡਮਿੰਟਨ ਸਿਟੀ ਦੇ ਹੋਰ ਮਹਿਕਮਿਆਂ ਦੀਆਂ ਸ਼ਰਤਾਂ ਬਾਰੇ ਪਤਾ ਹੈ। ਵਧੇਰੀ ਜਾਣਕਾਰੀ ਲੈਣ ਲਈ ਤੁਸੀ ਪਬਲਿਕ ਹੈਲਥ ਇੰਸਪੈਕਟਰ 780-934-0570 ਨਾਲ ਸੰਪਰਕ ਕਰ ਸਕਦੇ ਹੋ।
- ਭਾਵੇਂ ਕਿ ਕੋਵਿਡ 19 ਦੀ ਮਹਾਂਮਾਰੀ ਖਤਮ ਹੋ ਚੁੱਕੀ ਹੈ ਫਿਰ ਵੀ ਸੰਗਤਾਂ ਨੂੰ ਬੇਨਤੀ ਹੈ ਕਿ ਸਿਹਤ ਦਾ ਖਿਆਲ ਰੱਖਣ ਲਈ ਸਾਵਧਾਨੀ ਵਰਤਣ। ਇਹ ਵੀ ਯਾਦ ਰਖਿਆਂ ਜਾਵੇ ਕਿ ਜੇਕਰ ਕੋਈ ਪਾਬੰਦੀਆਂ ਲਗਦੀਆਂ ਹਨ ਤਾਂ ਉਨ੍ਹਾਂ ਪਾਬੰਦੀਆਂ ਦੀ ਪਾਲਣਾ ਕਰਨੀ ਪਵੇਗੀ।

ਸਮੂਹ ਸੰਗਤਾਂ ਅੱਗੇ ਬੇਨਤੀ ਹੈ ਕਿ ਨਗਰ ਕੀਰਤਨ ਲਈ ਹੋਣ ਵਾਲੀ ਸੇਵਾ ਵਿਚ ਵੱਧ ਤੋਂ ਵੱਧ ਹੱਥ ਵਟਾਓ ਹੇਠ ਲਿਖੇ ਨੰਬਰਾਂ ਤੇ ਫੋਨ ਕਰਕੇ ਨਾਮ ਲਿਖਾ ਕੇ ਧੰਨਵਾਦੀ ਬਣਾਓ ਜੀ।

| ਗੁਰਦਵਾਰਾ ਮਿਲਵੁਡਜ਼ 780-450-3844 | ਸ੍ਰੀ ਗੁਰੂ ਨਾਨਕ ਸਿੱਖ ਗੁਰਦਵਾਰਾ 780-451-4519 | ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ 780-462-7454 |
|---|---|---|
| ਸ. ਸੁਰਿੰਦਰ ਸਿੰਘ ਹੁੰਜਣ 780-777-3653 | ਸ. ਅਵਤਾਰ ਸਿੰਘ ਗਿੱਲ 780-991-6224 | ਸ. ਹਰਮੇਲ ਸਿੰਘ ਤੂਰ 825-343-0868 |
| ਸ. ਬਲਬੀਰ ਸਿੰਘ ਚਾਨਾ 780-951-9154 | ਸ. ਮਨਮੋਹਨ ਸਿੰਘ ਧਾਲੀਵਾਲ 780-905-1647 | ਸ. ਗੁਰਚਰਨ ਸਿੰਘ ਸੰਘਾ 780-660-9961 |

ਸ. ਕਰਨੈਲ ਸਿੰਘ ਭੰਮਰਾ
ਚੇਅਰਮੈਨ, (780) 990-6166

nagarkirtanedmonton@gmail.com
ਵਿਸਾਖੀ ਨਗਰ ਕੀਰਤਨ ਕਮੇਟੀ, ਐਡਮਿੰਟਨ

ਸ. ਗੁਰਚਰਨ ਸਿੰਘ ਸੰਘਾ
ਸਕੱਤਰ, (780) 660-9961

# ਗਿਆਨੀ ਜ਼ੈਲ ਸਿੰਘ ਨੇ ਰਾਸ਼ਟਰਪਤੀ ਦੇ ਅਹੁਦੇ ਤੋਂ ਅਸਤੀਫਾ ਕਿਉਂ ਨਾ ਦਿੱਤਾ?



ਉਜਾਗਰ ਸਿੰਘ
ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072

ਪੰਜਾਬੀਆਂ ਅਤੇ ਖਾਸ ਤੌਰ 'ਤੇ ਸਿੱਖਾਂ ਦੇ ਦਿਮਾਗ ਵਿੱਚ ਇਕ ਸਵਾਲ ਵਾਰ ਵਾਰ ਦਸਤਕ ਦੇ ਰਿਹਾ ਹੈ ਕਿ ਗਿਆਨੀ ਜ਼ੈਲ ਸਿੰਘ ਸਿੱਖੀ ਵਿਚਾਰਧਾਰਾ ਨੂੰ ਪ੍ਰਣਾਏ ਹੋਣ ਦੇ ਬਾਵਜੂਦ ਸ਼੍ਰੀ ਹਰਿਮੰਦਰ ਸਾਹਿਬ ਵਿੱਚ ਬਲਿਊ ਸਟਾਰ ਅਪ੍ਰੇਸ਼ਨ, ਦਿੱਲੀ ਅਤੇ ਦੇਸ਼ ਦੇ ਹੋਰ ਸ਼ਹਿਰਾਂ ਵਿੱਚ ਹੋਏ ਕਤਲੇਆਮ ਤੋਂ ਬਾਅਦ ਰਾਸ਼ਟਰਪਤੀ ਦੇ ਅਹੁਦੇ ਤੋਂ ਅਸਤੀਫ਼ਾ ਕਿਉਂ ਨਹੀਂ ਦਿੱਤਾ? ਗਿਆਨੀ ਜ਼ੈਲ ਸਿੰਘ ਰਾਸ਼ਟਰਪਤੀ ਹੋਣ ਦੇ ਨਾਤੇ ਭਾਰਤੀ ਫ਼ੌਜਾਂ ਦੇ



ਕਮਾਂਡਰ-ਇਨ-ਚੀਫ਼ ਸਨ। ਉਨ੍ਹਾਂ ਦੇ ਸਵਰਗਵਾਸ ਹੋਣ ਤੋਂ 28 ਸਾਲ ਬਾਅਦ ਵੀ ਸ਼੍ਰੀ ਹਰਿਮੰਦਰ ਸਾਹਿਬ ਵਿੱਚ ਬਲਿਊ ਸਟਾਰ ਅਪ੍ਰੇਸ਼ਨ ਕਰਨ ਸਮੇਂ ਫ਼ੌਜ ਨੂੰ ਅੰਦਰ ਦਾਖ਼ਲ ਹੋਣ ਦੀ ਇਜ਼ਾਜ਼ਤ ਦੇਣਾ ਇਕ ਗੁੰਝਲਦਾਰ ਬੁਝਾਰਤ ਬਣੀ ਹੋਈ ਹੈ। ਪੰਜਾਬ ਦੇ ਲੋਕ ਖਾਸ ਤੌਰ 'ਤੇ ਸਿੱਖ ਜਗਤ ਅਜੇ ਤੱਕ ਇਸ ਗੱਲ ਤੋਂ ਹੈਰਾਨ ਹਨ ਕਿ ਗਿਆਨੀ ਜ਼ੈਲ ਸਿੰਘ ਨੇ ਬਲਿਊ ਸਟਾਰ ਅਪ੍ਰੇਸ਼ਨ ਦੌਰਾਨ ਸ਼ਹੀਦ ਕੀਤੀ ਗਈ ਸੰਗਤ, ਪੰਜਾਬ ਦੇ ਸਾਰੇ ਗੁਰਦਆਰਿਆਂ ਵਿੱਚ ਪੁਲਿਸ ਦੇ ਦਾਖ਼ਲ ਹੋਣ ਅਤੇ ਸ਼੍ਰੀਮਤੀ ਇੰਦਰਾ ਗਾਂਧੀ ਦੇ ਕਤਲ, ਦਿੱਲੀ ਅਤੇ ਸਮੁੱਚੇ ਦੇਸ਼ ਵਿੱਚ ਹੋਏ ਕਤਲੇਆਮ ਤੋਂ ਬਾਅਦ ਅਸਤੀਫਾ ਕਿਉਂ ਨਹੀਂ ਦਿੱਤਾ? ਜਦੋਂ ਕਿ ਉਨ੍ਹਾਂ ਨੂੰ ਸਿੱਖ ਧਰਮ ਦਾ ਮੁੱਦਈ ਸਮਝਿਆ ਜਾਂਦਾ ਸੀ। ਅਜੇ ਤੱਕ ਦੇਸ਼ ਦੇ ਲੋਕ ਗਿਆਨੀ ਜ਼ੈਲ ਸਿੰਘ ਨੂੰ ਦੋਸ਼ੀ ਠਹਿਰਾਉਣ ਲੱਗਿਆਂ ਬਿਲਕੁਲ ਹੀ ਝਿਜਕਦੇ ਨਹੀਂ। ਲੋਕਾਂ ਦੇ ਮਨਾਂ ਵਿੱਚ ਗਿਆਨੀ ਜ਼ੈਲ ਸਿੰਘ ਬਾਰੇ ਗੁੱਸਾ ਹੈ। ਹਾਲਾਂ ਕਿ ਹੁਣ ਤੱਕ ਬਲਿਊ ਸਟਾਰ ਅਪ੍ਰੇਸ਼ਨ ਸੰਬੰਧੀ ਪ੍ਰਕਾਸ਼ਤ ਹੋਈਆਂ ਪੁਸਤਕਾਂ ਅਤੇ ਦਸਤਾਵੇਜ਼ ਗਿਆਨੀ ਜ਼ੈਲ ਸਿੰਘ ਦੇ ਸੋਰਸਜ਼ ਲਿਖਦੇ ਹਨ ਕਿ ਕੇਂਦਰ ਸਰਕਾਰ ਨੇ ਰਾਸ਼ਟਰਪਤੀ ਦੀ ਇਜ਼ਾਜ਼ਤ ਤੋਂ ਬਿਨਾ ਹੀ ਇਹ ਕਾਰਵਾਈ ਕੀਤੀ ਸੀ।

ਸੁਭਾਰਤਾ ਭੱਟਾਚਾਰੀਆ ਜੋ ਅੰਗਰੇਜ਼ੀ ਦੇ ਮੈਗਜ਼ੀਨ 'ਸੰਡੇ ਗਾਰਡੀਅਨ' ਦੇ ਸੰਪਾਦਕ ਰਹੇ ਹਨ, ਉਨ੍ਹਾਂ ਨੇ ਆਪਣੇ ਇੱਕ ਲੇਖ ਵਿੱਚ ਲਿਖਿਆ ਸੀ ਕਿ ਗਿਆਨੀ ਜ਼ੈਲ ਸਿੰਘ ਨੂੰ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਅਤੇ ਉਨ੍ਹਾਂ ਦੀ ਸਰਕਾਰ ਨੇ ਬਲਿਊ ਸਟਾਰ ਅਪ੍ਰੇਸ਼ਨ ਬਾਰੇ ਹਨ੍ਹੇਰੇ ਵਿੱਚ ਰੱਖਿਆ ਸੀ। ਉਨ੍ਹਾਂ ਨੂੰ ਫ਼ੌਜ ਦੀ ਕਾਰਵਾਈ ਬਾਰੇ ਦੱਸਿਆ ਹੀ ਨਹੀਂ ਗਿਆ ਸੀ। ਇਥੋਂ ਤੱਕ ਕਿ ਭਿਣਕ ਵੀ ਨਹੀਂ ਪੈਣ ਦਿੱਤੀ ਸੀ। ਬਲਿਊ ਸਟਾਰ ਅਪ੍ਰੇਸ਼ਨ ਤੋਂ ਇਕ ਦਿਨ ਪਹਿਲਾਂ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਗਿਆਨੀ ਜ਼ੈਲ ਸਿੰਘ ਨੂੰ ਰਵਾਇਤੀ ਤੌਰ 'ਤੇ ਮਿਲਕੇ ਆਏ ਸਨ। ਪੰਜਾਬ ਦੀ ਸਥਿਤੀ ਬਾਰੇ ਕੋਈ ਗੱਲ ਹੀ ਨਹੀਂ ਕੀਤੀ ਸੀ। ਉਨ੍ਹਾਂ ਨੂੰ ਫ਼ੌਜਾਂ ਦੇ ਹਰਿਮੰਦਰ ਵਿੱਚ ਦਾਖ਼ਲ ਹੋਣ ਤੋਂ ਬਾਅਦ ਮੀਡੀਆ ਰਾਹੀਂ ਪਤਾ ਲੱਗਿਆ ਸੀ। ਇਥੋਂ ਤੱਕ ਕਿ ਰਾਸ਼ਟਰਪਤੀ ਭਵਨ ਦੇ ਸਾਰੇ ਟੈਲੀਫ਼ੋਨ ਟੇਪ ਕੀਤੇ ਜਾਂਦੇ ਸਨ ਕਿਉਂਕਿ ਰਾਸ਼ਟਰਪਤੀ ਦੇ ਡਿਪਟੀ ਪ੍ਰੈਸ ਸਕੱਤਰ ਤਰਲੋਚਨ ਸਿੰਘ ਨੂੰ ਬਲਿਊ ਸਟਾਰ ਅਪ੍ਰੇਸ਼ਨ ਤੋਂ ਬਾਅਦ ਛੁੱਟੀ 'ਤੇ ਭੇਜ ਦਿੱਤਾ ਗਿਆ ਸੀ। ਉਨ੍ਹਾਂ 'ਤੇ ਇਲਜ਼ਾਮ ਲਗਾਇਆ ਗਿਆ ਸੀ ਕਿ ਉਨ੍ਹਾਂ ਨੇ ਅਖ਼ਬਾਰਾਂ ਨੂੰ ਬਲਿਊ ਸਟਾਰ ਅਪ੍ਰੇਸ਼ਨ ਦੇ ਵਿਰੁੱਧ ਖ਼ਬਰਾਂ ਲਗਾਉਣ ਲਈ ਜਾਣਕਾਰੀ ਦਿੱਤੀ ਅਤੇ ਭੜਕਾਇਆ ਸੀ। ਲੋਕਾਂ ਨੂੰ ਗਿਆਨੀ ਜ਼ੈਲ ਸਿੰਘ ਨਾਲ ਇਹ ਵੀ ਨਰਾਜ਼ਗੀ ਹੈ ਕਿ ਜਦੋਂ ਇੰਦਰਾ ਗਾਂਧੀ ਦੀ ਸਰਕਾਰ ਨੇ ਭਰੋਸੇ ਵਿੱਚ ਲਏ ਤੋਂ ਬਿਨਾ ਹਰਿਮੰਦਰ ਸਾਹਿਬ ਅਤੇ ਸਮੁੱਚੇ ਪੰਜਾਬ ਦੇ ਗੁਰੂ ਘਰਾਂ ਤੇ ਫ਼ੌਜ ਦਾ ਹਮਲਾ ਕਥਿਤ ਅਤਵਾਦੀ ਕੱਢਣ ਦੀ ਆੜ ਵਿੱਚ ਕਰਵਾਇਆ ਸੀ ਤਾਂ ਫਿਰ ਜਦੋਂ ਇੰਦਰਾ ਗਾਂਧੀ ਦਾ ਕਤਲ ਹੋਇਆ ਸੀ, ਰਾਜੀਵ ਗਾਂਧੀ ਨੂੰ ਪ੍ਰਧਾਨ ਮੰਤਰੀ ਦੀ ਸਹੁੰ ਗਿਆਨੀ ਜ਼ੈਲ ਸਿੰਘ ਨੇ ਪ੍ਰੋਟੋਕਲ ਅਤੇ ਸਥਾਪਤ ਪਰੰਪਰਾਵਾਂ ਦੇ ਵਿਰੁੱਧ ਕਿਉਂ ਚੁਕਾਈ ਸੀ? ਇਹ ਗੱਲਾਂ ਅਜੇ ਤੱਕ ਪੰਜਾਬੀਆਂ ਅਤੇ ਖਾਸ ਤੌਰ ਤੇ ਸਿੱਖਾਂ ਨੂੰ ਰੜਕਦੀਆਂ ਹਨ। ਜਦੋਂ ਇੰਦਰਾ ਗਾਂਧੀ ਦਾ ਕਤਲ ਹੋਇਆ ਸੀ, ਉਦੋਂ ਗਿਆਨੀ ਜ਼ੈਲ ਸਿੰਘ ਨਾਰਥ ਯਮਨ ਦੇ ਦੌਰੇ 'ਤੇ ਗਏ ਹੋਏ ਸਨ। ਖ਼ਬਰ ਮਿਲਦਿਆਂ ਹੀ ਪਹਿਲਾਂ ਉਨ੍ਹਾਂ ਆਪਣੇ ਸਕੱਤਰ ਅਸ਼ੋਕ ਬੰਦੋਪਾਧਿਆਏ ਨੂੰ ਯਮਨ ਵਿੱਚ ਸਥਿਤ ਭਾਰਤੀ ਅੰਬੈਸੀ ਤੋਂ ਭਾਰਤੀ ਸੰਵਿਧਾਨ ਦੀ ਕਾਪੀ ਮੰਗਵਾਈ। ਫਿਰ ਉਹ ਤੁਰੰਤ ਸਾਨਾ ਤੋਂ ਵਾਪਸ ਭਾਰਤ ਆਉਣ ਲਈ ਜਹਾਜ ਵਿੱਚ ਬੈਠਕੇ ਸਕੱਤਰ ਦੀ ਮਦਦ ਨਾਲ ਉਨ੍ਹਾਂ ਸੰਵਿਧਾਨ ਪੜ੍ਹਿਆ, ਸੰਵਿਧਾਨ ਦੀ ਧਾਰਾ 74 ਅਨੁਸਾਰ ਰਾਸ਼ਟਰਪਤੀ ਕੌਂਸਲ ਆਫ ਮਨਿਸਟਰਜ਼ ਦੀ ਸਲਾਹ ਮੰਨਣ ਲਈ ਪਾਬੰਦ ਹੈ ਪ੍ਰੰਤੂ ਧਾਰਾ 75 ਰਾਸ਼ਟਰਪਤੀ ਨੂੰ ਪ੍ਰਧਾਨ ਮੰਤਰੀ ਨਿਯੁਕਤ ਕਰਨ ਦੀ ਸ਼ਕਤੀ ਦਿੰਦਾ ਹੈ ਅਤੇ ਮੰਤਰੀ ਪ੍ਰੀਸ਼ਦ ਪ੍ਰਧਾਨ ਮੰਤਰੀ ਦੀ ਸਿਫ਼ਾਰਸ਼ ਤੇ ਨਿਯੁਕਤ ਕਰ ਸਕਦਾ ਹੈ। ਗਿਆਨੀ ਜ਼ੈਲ ਸਿੰਘ ਨੇ ਭੱਟਾਚਾਰੀਆ ਨੂੰ ਅੱਗੋਂ ਦੱਸਿਆ ਕਿ "ਮੈਂ ਮਹਿਸੂਸ ਕੀਤਾ ਕਿ ਪ੍ਰਧਾਨ ਮੰਤਰੀ ਉਸ ਨੂੰ ਹੀ ਬਣਾਉਣਾ ਚਾਹੀਦਾ, ਜਿਸ ਨੇਤਾ ਨੂੰ ਲੋਕ ਸਭਾ ਵਿੱਚ ਬਹੁਮਤ ਹੋਵੇ।" ਫਿਰ ਉਨ੍ਹਾਂ ਕਿਹਾ ਕਿ 'ਇੰਦਰਾ ਗਾਂਧੀ ਸੰਜੇ ਗਾਂਧੀ ਨੂੰ ਆਪਣਾ ਉਤਰ ਅਧਿਕਾਰੀ ਬਣਾਉਣਾ ਚਾਹੁੰਦੇ ਸਨ ਪ੍ਰੰਤੂ ਸੰਜੇ ਗਾਂਧੀ ਦੀ ਏਅਰ ਕਰੈਸ਼ ਵਿੱਚ ਮੌਤ ਹੋ ਗਈ ਸੀ। ਉਸ ਤੋਂ ਬਾਅਦ ਰਾਜੀਵ ਗਾਂਧੀ ਨੂੰ ਪਾਇਲਟ ਦੀ ਨੌਕਰੀ ਛੁਡਵਾ ਕੇ ਸਿਆਸਤ ਵਿੱਚ ਲਿਆਂਦਾ ਸੀ। ਇੰਦਰਾ ਗਾਂਧੀ ਦੀ ਕਿਰਪਾ ਨਾਲ ਹੀ ਮੈਂ (ਗਿਆਨੀ ਜ਼ੈਲ ਸਿੰਘ) ਰਾਸ਼ਟਰਪਤੀ ਬਣਿਆ ਹਾਂ, ਇਸ ਲਈ ਰਾਜੀਵ ਗਾਂਧੀ ਨੂੰ ਪ੍ਰਧਾਨ ਮੰਤਰੀ ਬਣਾਉਣਾ ਠੀਕ ਰਹੇਗਾ'। ਰਾਸ਼ਟਰਪਤੀ ਨੇ ਆਪਣੇ ਸਕੱਤਰ ਨੂੰ ਜਹਾਜ ਵਿੱਚੋਂ ਹੀ ਰਾਜੀਵ ਗਾਂਧੀ ਨਾਲ ਗੱਲ ਕਰਵਾਉਣ ਲਈ ਕਿਹਾ। ਸਕੱਤਰ ਨੇ ਸਲਾਹ ਦਿੱਤੀ ਕਿ ਜਹਾਜ ਵਿੱਚੋਂ ਰੇਡੀਓ ਟਰਾਂਸਮਿਸ਼ਨ ਤੇ ਗੱਲ ਕਰਨੀ ਠੀਕ ਨਹੀਂ ਕਿਉਂਕਿ ਗੱਲ ਪਾਕਿਸਤਾਨ ਵਿੱਚ ਲੀਕ ਹੋ ਸਕਦੀ ਹੈ। ਗਿਆਨੀ ਜ਼ੈਲ ਸਿੰਘ ਦਿੱਲੀ ਏਅਰਪੋਰਟ ਤੋਂ ਸਿੱਧੇ ਆਲ ਇੰਡੀਆ ਮੈਡੀਕਲ ਇਨਸਟੀਚਿਊਟ ਵਿੱਚ ਗਏ, ਜਿਥੇ ਇੰਦਰਾ ਗਾਂਧੀ ਦੀ ਮ੍ਰਿਤਕ ਦੇਹ ਪਈ ਸੀ। ਰਸਤੇ ਵਿੱਚ ਅਤੇ ਆਲ ਇੰਡੀਆ ਇਨਸਟੀਚਿਊਟ ਵਿੱਚ ਰਾਸ਼ਟਰਪਤੀ ਦੀ ਕਾਫ਼ਲੇ ਤੇ ਹਮਲਾ ਵੀ ਹੋਇਆ ਸੀ। ਆਲ ਇੰਡੀਆ ਇਨਸਟੀਚਿਊਟ ਵਿੱਚ ਜਦੋਂ ਗਿਆਨੀ ਜ਼ੈਲ ਸਿੰਘ ਪਹੁੰਚੇ ਤਾਂ ਰਾਜੀਵ ਗਾਂਧੀ ਉਥੇ ਮੌਜੂਦ ਸਨ। ਗਿਆਨੀ ਜ਼ੈਲ ਸਿੰਘ ਨੇ ਰਾਜੀਵ ਗਾਂਧੀ ਦੇ ਮੋਢੇ 'ਤੇ ਹੱਥ ਰੱਖਿਆ ਅਤੇ ਅਫ਼ਸੋਸ ਕਰਨ ਤੋਂ ਬਾਅਦ ਉਨ੍ਹਾਂ ਨੂੰ ਰਾਸ਼ਟਰਪਤੀ ਭਵਨ ਆ ਕੇ ਪ੍ਰਧਾਨ ਮੰਤਰੀ ਦੀ ਸਹੁੰ ਚੁੱਕਣ ਲਈ ਕਿਹਾ। ਪ੍ਰੋਟੋਕੋਲ ਅਤੇ ਸਥਾਪਤ ਪਰੰਪਰਾਵਾਂ ਅਨੁਸਾਰ ਜਿਵੇਂ ਪਹਿਲਾਂ 1964 ਵਿੱਚ ਪੰਡਤ ਜਵਾਹਰ ਲਾਲ ਨਹਿਰੂ ਅਤੇ 1966 ਵਿੱਚ ਲਾਲ ਬਹਾਦਰ ਸ਼ਾਸ਼ਤਰੀ ਦੀਆਂ ਮੌਤਾਂ ਤੋਂ ਬਾਅਦ ਉਨ੍ਹਾਂ ਦੇ ਮੰਤਰੀ ਮੰਡਲ ਦੇ ਸਭ ਤੋਂ ਸੀਨੀਅਰ ਮੰਤਰੀ ਗੁਲਜ਼ਾਰੀ ਲਾਲ ਨੰਦਾ ਨੂੰ ਕੰਮ ਚਲਾਊ ਪ੍ਰਧਾਨ ਮੰਤਰੀ ਦੀ ਸਹੁੰ ਚੁਕਵਾਈ ਗਈ ਸੀ। ਉਸੇ ਤਰ੍ਹਾਂ ਸ਼੍ਰੀਮਤੀ ਇੰਦਰਾ ਗਾਂਧੀ ਦੇ ਮੰਤਰੀ ਮੰਡਲ ਵਿੱਚ ਸਭ ਤੋਂ ਸੀਨੀਅਰ ਮੰਤਰੀ ਪ੍ਰਣਾਬ ਮੁਕਰਜੀ ਸਨ। ਇਸ ਲਈ ਉਨ੍ਹਾਂ ਨੂੰ ਸਹੁੰ ਚੁਕਾਉਣੀ ਬਣਦੀ ਸੀ। ਪ੍ਰੰਤੂ ਗਿਆਨੀ ਜ਼ੈਲ ਸਿੰਘ ਨੇ ਰਾਜੀਵ ਗਾਂਧੀ ਨੂੰ ਸਹੁੰ ਚੁੱਕਾ ਦਿੱਤੀ ਸੀ।

ਗਿਆਨੀ ਜ਼ੈਲ ਸਿੰਘ ਸੰਜੇ ਗਾਂਧੀ ਨੂੰ ਆਪਣਾ ਰਹਿਨੁਮਾ ਕਹਿੰਦੇ ਸਨ ਕਿਉਂਕਿ ਹੁਸ਼ਿਆਰਪੁਰ ਦੀ ਉਪ ਚੋਣ ਜਿੱਤਣ ਤੋਂ ਤੁਰੰਤ ਬਾਅਦ ਗਿਆਨੀ ਜ਼ੈਲ ਸਿੰਘ ਨੂੰ ਭਾਰਤ ਦਾ ਗ੍ਰਹਿ ਮੰਤਰੀ ਬਣਵਾ ਦਿੱਤਾ ਸੀ। ਜਦੋਂ ਗਿਆਨੀ ਜ਼ੈਲ ਸਿੰਘ ਨੂੰ ਕਾਂਗਰਸ ਪਾਰਟੀ ਨੇ ਰਾਸ਼ਟਰਪਤੀ ਦਾ ਉਮੀਦਵਾਰ ਬਣਾਇਆ ਸੀ ਤਾਂ ਗਿਆਨੀ ਜ਼ੈਲ ਸਿੰਘ ਉਦੋਂ ਭਾਰਤ ਦੇ ਗ੍ਰਹਿ ਮੰਤਰੀ ਸਨ। ਰਾਜੀਵ ਗਾਂਧੀ ਦੇ ਪ੍ਰਧਾਨ ਮੰਤਰੀ ਦੇ ਹੁੰਦਿਆਂ ਲਗਪਗ ਢਾਈ ਸਾਲ ਗਿਆਨੀ ਜ਼ੈਲ ਸਿੰਘ ਰਾਸ਼ਟਰਪਤੀ ਰਹੇ। ਇਕ ਪਰੰਪਰਾ ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ ਚਲੀ ਆ ਰਹੀ ਹੈ ਕਿ ਪ੍ਰਧਾਨ ਮੰਤਰੀ ਰਾਸ਼ਟਰਪਤੀ ਭਵਨ ਜਾ ਕੇ ਸਰਕਾਰ ਦੀ ਸਥਿਤੀ ਬਾਰੇ ਜਾਣਕਾਰੀ ਦਿੰਦਾ ਰਹਿੰਦਾ ਹੈ। ਪ੍ਰੰਤੂ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਰਾਸ਼ਟਰਪਤੀ ਨੂੰ ਕਦੀਂ ਵੀ ਰਾਸ਼ਟਰਪਤੀ ਭਵਨ ਜਾ ਕੇ ਸਰਕਾਰ ਦੀ ਕਾਰਗੁਜ਼ਾਰੀ ਬਾਰੇ ਜਾਣਕਾਰੀ ਨਹੀਂ ਦਿੱਤੀ। ਇਥੋਂ ਤੱਕ ਕਿ ਕਦੀਂ ਕੋਈ ਮੰਤਰੀ ਵੀ ਨਹੀਂ ਭੇਜਿਆ। ਇਸ ਦੇ ਉਲਟ ਇਕ ਕੇਂਦਰੀ ਮੰਤਰੀ ਰਾਸ਼ਟਰਪਤੀ ਬਾਰੇ ਗ਼ਲਤ ਬਿਆਨੀ ਕਰਦਾ ਰਿਹਾ। ਹਾਲਾਂ ਕਿ ਰਾਜੀਵ ਗਾਂਧੀ ਨੂੰ ਪਤਾ ਸੀ ਕਿ ਰਾਸ਼ਟਰਪਤੀ ਕੋਲ ਅਸੀਮ ਸ਼ਕਤੀਆਂ ਹਨ। ਦੋਹਾਂ ਦਰਮਿਆਨ ਸੰਬੰਧ ਐਸੇ ਵਿਗੜੇ ਕਿ ਜਦੋਂ 1986 ਵਿੱਚ ਸੰਵਿਧਾਨ ਦੀ ਧਾਰਾ 74 ਵਿੱਚ ਤਬਦੀਲੀ ਕਰਕੇ ਸੰਵਿਧਾਨ ਸੋਧ ਬਿਲ 42 ਅਤੇ 44 ਕੇਂਦਰ ਸਰਕਾਰ ਨੇ ਦੋਹਾਂ ਸਦਨਾ ਵਿੱਚ 'ਪੋਸਟਲ ਬਿਲ' ਜਿਸ ਵਿੱਚ ਡਾਕ ਖੋਲ੍ਹ ਕੇ ਪੜ੍ਹਨ ਦਾ ਅਧਿਕਾਰ ਸਰਕਾਰ ਨੂੰ ਦੇਣਾ ਸੀ, ਪਾਸ ਕਰਕੇ ਰਾਸ਼ਟਰਪਤੀ ਕੋਲ ਪ੍ਰਵਾਨਗੀ ਲਈ ਭੇਜਿਆ ਤਾਂ ਗਿਆਨੀ ਜ਼ੈਲ ਸਿੰਘ ਨੇ ਪ੍ਰਵਾਨ ਤਾਂ ਕੀ ਕਰਨਾ ਸੀ, ਬਿਲ ਵਾਪਸ ਵੀ ਨਹੀਂ ਕੀਤਾ ਸੀ। ਮੁੜਕੇ ਉਹ ਬਿਲ ਕਾਨੂੰਨ ਹੀ ਨਹੀਂ ਬਣ ਸਕਿਆ। ਬਲਿਊ ਸਟਾਰ ਅਪ੍ਰੇਸ਼ਨ ਤੋਂ ਬਾਅਦ ਦੂਜਾ ਗਿਆਨੀ ਜ਼ੈਲ ਸਿੰਘ ਦਾ ਸਖ਼ਤ ਕਦਮ ਇਹ ਸੀ ਕਿ 1983 ਵਿੱਚ ਆਂਧਰਾ ਪ੍ਰਦੇਸ਼ ਵਿਧਾਨ ਸਭਾ ਦੀ ਵਿੱਚ ਚੋਣ ਵਿੱਚ ਤੇਲਗੂ ਦੇਸ਼ਮ ਪਾਰਟੀ ਦੇ ਐਨ.ਟੀ.ਰਾਮਾ.ਰਾਓ ਕਾਂਗਰਸ ਪਾਰਟੀ ਨੂੰ ਹਰਾ ਕੇ ਭਾਰੀ ਬਹੁਮਤ ਨਾਲ ਜਿੱਤਕੇ ਮੁੱਖ ਮੰਤਰੀ ਬਣ ਗਏ ਸੀ। ਉਸ ਤੋਂ ਕਾਫੀ ਸਮਾਂ ਬਾਅਦ ਉਹ ਅਮਰੀਕਾ ਵਿੱਚ ਇਲਾਜ਼ ਕਰਵਾਉਣ ਲਈ ਚਲੇ ਗਏ। ਕਾਂਗਰਸ ਪਾਰਟੀ ਨੇ ਰਾਜਪਾਲ ਰਾਮ ਲਾਲ ਠਾਕੁਰ 'ਤੇ ਪ੍ਰਭਾਵ ਪਾ ਕੇ ਰਾਮਾ.ਰਾਓ ਮੰਤਰੀ ਮੰਡਲ ਦੇ ਵਿਤ ਮੰਤਰੀ ਐਨ.ਭਾਸਕਰ ਰਾਓ ਨੂੰ ਮੁੱਖ ਮੰਤਰੀ ਦੀ ਸਹੁੰ ਚੁਕਵਾ ਦਿੱਤੀ। ਐਨ.ਟੀ.ਰਾਮਾਰਾਓ ਜਦੋਂ ਇਲਾਜ਼ ਕਰਵਾ ਕੇ ਵਾਪਸ ਆਏ ਤਾਂ ਉਹ ਇਸ ਸੰਵਿਧਾਨਿਕ ਧੱਕੇ ਦੇ ਵਿਰੁੱਧ ਗਿਆਨੀ ਜ਼ੈਲ ਸਿੰਘ ਕੋਲ 160 ਵਿਧਾਇਕ ਲੈ ਕੇ ਰਾਸ਼ਟਰਪਤੀ ਭਵਨ ਪਹੁੰਚ ਗਏ। ਰਾਸ਼ਟਰਪਤੀ ਦਫ਼ਤਰ ਨੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਦਫਤਰ ਫ਼ੋਨ ਕਰਕੇ ਆਪਣਾ ਪ੍ਰਤੀਨਿਧ ਭੇਜਣ ਲਈ ਕਿਹਾ। ਪ੍ਰਧਾਨ ਮੰਤਰੀ ਦੇ ਪ੍ਰਤੀ ਨਿਧ ਦੇ ਸਾਹਮਣੇ ਸਾਰੇ ਵਿਧਾਨਕਾਰਾਂ ਦੀ ਪ੍ਰੇਡ ਹੋਈ ਅਤੇ ਸ਼ਨਾਖ਼ਤੀ ਕਾਰਡ ਵਿਖਾਏ ਗਏ। ਰਾਸ਼ਟਰਪਤੀ ਨੇ ਪ੍ਰਧਾਨ ਮੰਤਰੀ ਦਫ਼ਤਰ ਨੂੰ ਲਿਖਕੇ ਭੇਜ ਦਿੱਤਾ ਕਿ ਰਾਜਪਾਲ ਆਪਣਾ ਫ਼ੈਸਲਾ ਬਦਲ ਦਵੇ। ਰਾਜਪਾਲ ਨੇ ਆਪਣਾ ਫ਼ੈਸਲਾ ਬਦਲਕੇ ਐਨ.ਟੀ.ਰਾਮਾ.ਰਾਓ ਨੂੰ ਦੁਬਾਰਾ ਮੁੱਖ ਮੰਤਰੀ ਦੀ ਸਹੁੰ ਚੁਕਵਾਈ। ਗਿਆਨੀ ਜ਼ੈਲ ਸਿੰਘ ਨੇ ਰਾਜਪਾਲ ਨੂੰ ਬਰਖਾਸਤ ਕਰਨ ਦੇ ਹੁਕਮ ਵੀ ਕਰ ਦਿੱਤੇ। ਨਵਾਂ ਰਾਜਪਾਲ ਏ.ਪੀ.ਕੁਮੁਦਬੇਨ.ਜੋਸ਼ੀ ਨੂੰ ਹਦਾਇਤਾਂ ਦਿੱਤੀਆਂ ਗਈਆਂ ਕਿ ਉਹ ਰਾਜ ਦੀ ਸਿਆਸਤ ਵਿੱਚ ਦਖ਼ਅੰਦਾਜ਼ੀ ਨਾ ਕਰੇ। ਸ਼੍ਰੀਮਤੀ



ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਲੋਕ ਸਭਾ ਦੀਆਂ ਆਮ ਚੋਣਾ ਹੋਈਆਂ ਕਾਂਗਰਸ ਪਾਰਟੀ ਨੂੰ 400 ਤੋਂ ਵਧੇਰੇ ਸੀਟਾਂ ਤੇ ਜਿੱਤ ਪ੍ਰਾਪਤ ਹੋਈ, ਜਿਸਨੇ ਰਾਸ਼ਟਰਪਤੀ ਨਾਲ ਸੰਬੰਧਾਂ ਵਿੱਚ ਹੋਰ ਖਟਾਸ ਵਧਾ ਦਿੱਤੀ।

ਇਸ ਤੋਂ ਬਾਅਦ ਰਾਜੀਵ ਗਾਂਧੀ ਸਰਕਾਰ ਨੇ ਗਿਆਨੀ ਜ਼ੈਲ ਸਿੰਘ ਨੂੰ ਵਿਦੇਸ਼ ਦੌਰਿਆਂ 'ਤੇ ਭੇਜਣ ਦੀ ਥਾਂ ਉਪ ਰਾਸ਼ਟਰਪਤੀ ਆਰ.ਵੈਂਕਟਾਰਤਨਮ ਨੂੰ ਭੇਜਣਾ ਸ਼ੁਰੂ ਕਰ ਦਿੱਤਾ। ਗਿਆਨੀ ਜ਼ੈਲ ਸਿੰਘ ਆਪਣੀ 5 ਸਾਲ 1982-87 ਦੀ ਟਰਮ ਵਿੱਚ ਸਿਰਫ 4 ਦੇਸ਼ਾਂ ਦੇ ਦੌਰੇ 'ਤੇ ਗਏ ਸਨ। ਰਾਸ਼ਟਰਪਤੀ ਨੂੰ ਕੀਤੀ ਜਾਂਦੀ ਰਵਾਇਤੀ ਬਰੀਫਿੰਗ ਬੰਦ ਕਰ ਦਿੱਤੀ। ਰਾਸ਼ਟਰਪਤੀ ਭਵਨ ਵਿੱਚ ਜਿਹੜੇ ਦਰਬਾਰ ਹੁੰਦੇ ਸਨ, ਉਹ ਬੰਦ ਕਰਵਾ ਦਿੱਤੇ ਗਏ। ਰਾਸ਼ਟਰਪਤੀ ਭਵਨ ਦੇ ਸਾਰੇ ਟੈਲੀਫ਼ੋਨ ਦੀ ਟੇਪਿੰਗ ਸ਼ੁਰੂ ਕਰ ਦਿੱਤੀ ਗਈ। ਰਾਸ਼ਟਰਪਤੀ ਨੂੰ ਮਿਲਣ ਵਾਲੇ ਸਾਰੇ ਵਿਅਕਤੀਆਂ ਤੇ ਨਜ਼ਰਸਾਨੀ ਕੀਤੀ ਜਾਣ ਲੱਗ ਪਈ। ਜਦੋਂ ਗਿਆਨੀ ਜੀ ਨੇ ਕਿਸੇ ਨਾਲ ਗੱਲ ਕਰਨੀ ਹੁੰਦੀ ਤਾਂ ਮੁਗ਼ਲ ਗਾਰਡਨ ਵਿੱਚ ਸੈਰ ਕਰਦਿਆਂ ਗੱਲ ਕਰਦੇ ਸਨ ਕਿਉਂਕਿ ਕਮਰਿਆਂ ਵਿੱਚ ਅਜਿਹੇ ਯੰਤਰ ਲਗਾਏ ਸਨ ਜਿਨ੍ਹਾਂ ਰਾਹੀਂ ਗੱਲਬਾਤ ਸੁਣੀ ਜਾਂਦੀ ਸੀ। ਗਿਆਨੰ ਜੀ ਨੇ ਇਕ ਵਿਜਟਰ ਨੂੰ ਇਸ ਨਜ਼ਰਸਾਨੀ ਬਾਰੇ ਪਾਕਿਸਤਾਨ ਦੇ ਇਕ ਸ਼ਾਇਰ ਉਸਤਾਦ ਦਾਮਨ ਦਾ ਸ਼ਿਅਰ ਵਿਅੰਗ ਨਾਲ ਸੁਣਾਇਆ ਸੀ-

"ਅੰਦਰ ਮੌਜਾਂ ਹੀ ਮੌਜਾਂ, ਬਾਹਰ ਫ਼ੌਜਾਂ ਹੀ ਫ਼ੌਜਾਂ"

ਇਥੋਂ ਤੱਕ ਕਿ ਚੀਫ਼ ਆਫ਼ ਆਰਮੀ ਸਟਾਫ ਕੇ ਸੁੰਦਰਜੀ ਰਾਸ਼ਟਰਪਤੀ ਨੂੰ ਕਮਾਂਡਰ ਇਨ ਚੀਫ ਲਿਖਣ ਦੀ ਥਾਂ ਡੀਅਰ ਪ੍ਰੈਜੀਡੈਂਟ ਲਿਖਣ ਲੱਗ ਪਏ। ਗਿਆਨੀ ਜ਼ੈਲ ਸਿੰਘ ਇਕ ਕਿਸਮ ਨਾਲ 'ਪਿੰਜਰੇ ਵਿੱਚ ਤੋਤਾ' ਬਣਕੇ ਰਹਿ ਗਏ।

ਦੂਜੇ ਪਾਸੇ ਅਕਾਲ ਤਖ਼ਤ ਸਾਹਿਬ ਤੋਂ ਗਿਆਨੀ ਜ਼ੈਲ ਸਿੰਘ ਨੂੰ ਕਾਰਨ ਦੱਸੋ ਨੋਟਿਸ ਦਿੱਤਾ ਗਿਆ ਕਿ ਹਰਿਮੰਦਰ ਸਾਹਿਬ ਵਿੱਚ ਫ਼ੌਜਾਂ ਭੇਜਣ ਲਈ ਤੁਹਾਨੂੰ ਸਿੱਖ ਪੰਥ ਵਿੱਚੋਂ ਕਿਉਂ ਨਾ ਕੱਢਿਆ ਜਾਵੇ? ਗਿਆਨੀ ਜ਼ੈਲ ਸਿੰਘ ਨੇ ਆਪਣੇ ਪ੍ਰੈਸ ਸਕੱਤਰ ਤਰਲੋਚਨ ਸਿੰਘ ਰਾਹੀਂ ਜਵਾਬ ਭੇਜਕੇ ਜਥੇਦਾਰ ਸਾਹਿਬਾਨ ਨੂੰ ਸੰਤੁਸ਼ਟ ਕਰਵਾਇਆ, ਜਿਸ ਕਰਕੇ ਪੰਥ ਵਿੱਚੋਂ ਛੇਕਣ ਦੀ ਸਮੱਸਿਆ ਖ਼ਤਮ ਹੋਈ। ਗਿਆਨੀ ਜ਼ੈਲ ਸਿੰਘ ਨੇ ਆਪਣੇ ਹਮਦਰਦਾਂ ਨੂੰ ਦੱਸਿਆ ਸੀ ਕਿ ਜੇਕਰ ਉਹ ਅਸਤੀਫ਼ਾ ਦੇ ਦਿੰਦੇ ਤਾਂ ਸਿੱਖਾਂ ਲਈ ਹੋਰ ਖ਼ਤਰਾ ਪੈਦਾ ਹੋ ਜਾਣਾ ਸੀ। ਹੋ ਸਕਦਾ ਘੁਮੰਡੀ ਸਰਕਾਰ ਹੋਰ ਕਤਲੇਆਮ ਕਰਵਾ ਦਿੰਦੀ ਕਿਉਂਕਿ ਬਹੁਤ ਸਾਰੇ ਸਿੱਖ ਪੰਜਾਬ ਤੋਂ ਬਾਹਰ ਰਹਿੰਦੇ ਹਨ ਅਤੇ ਉਨ੍ਹਾਂ ਦੇ ਕਾਰੋਬਾਰ ਵੀ ਖ਼ਤਮ ਹੋ ਜਾਂਦੇ।



# ਰੰਗਮੰਚ ਤੋਂ ਵੱਡੇ ਪਰਦੇ ਵਲ ਆਇਆ:ਰਣਦੀਪ ਭੰਗੂ



ਕਾਲਾ ਸਿੰਘ ਸੈਣੀ,
99882-80386

ਪੰਜਾਬੀ ਸਿਨੇਮਾ ਅੱਜ ਬਦਲਾਅ ਦੇ ਦੌਰ 'ਚ ਗੁਜਰ ਰਿਹਾ ਹੈ। ਪਿੱਛਲੇ ਕੁਝ ਸਾਲਾਂ 'ਚ ਆਇਆ ਫਿਲਮਾਂ ਨਾਲ ਦੇਸ਼ਾਂ-ਵਿਦੇਸ਼ਾਂ 'ਚ ਵੀ ਪੰਜਾਬੀ ਦਰਸ਼ਕਾਂ ਨੇ ਪੰਜਾਬੀ ਸਿਨੇਮੇ ਨੂੰ ਪਹਿਲਾ ਨਾਲੋਂ ਕਿਤੇ ਵੱਡਾ ਹੁੰਗਾਰਾ ਦਿੱਤਾ ਹੈ। ਜਿਸ ਨਾਲ ਇਹ ਵਪਾਰਕ ਤੌਰ 'ਤੇ ਨਵੀਆਂ ਬੁਲੰਦੀਆਂ 'ਤੇ ਪਹੁੰਚਿਆ ਹੈ। ਜਿਸ ਦੇ ਸੀਟੇ ਵੱਜੋਂ ਨਿਰਮਾਤਾ, ਨਿਰਦੇਸ਼ਕਾਂ, ਲੇਖਕਾਂ ਕਲਾਕਾਰਾਂ ਤੇ ਸੰਗੀਤਕਾਰਾਂ ਆਦਿ ਦੇ ਮਨਾਂ ਅੰਦਰ ਭਰੋਸਾ ਜਾਗਿਆ ਹੈ। ਇਹ ਵਿਚਾਰ ਰੰਗਮੰਚ ਤੋਂ ਫਿਲਮੀਂ ਪਰਦੇ ਤੇ ਆਏ ਅਦਾਕਾਰ ਰਣਦੀਪ ਭੰਗੂ ਨੇ ਗੱਲਬਾਤ ਕਰਦਿਆਂ ਸਾਂਝੇ ਕੀਤੇ।



ਰਣਦੀਪ ਭੰਗੂ ਨੇ ਚੇਤਨਾ ਕਲਾ ਮੰਚ ਸ਼੍ਰੀ ਚਮਕੌਰ ਸਾਹਿਬ ਤੋਂ ਕਲਾ ਦੀਆਂ ਬਰੀਕੀਆਂ ਸਿੱਖਦੇ ਹੋਏ ਅਨੇਕਾਂ ਹੀ ਨਾਟਕਾਂ ਨਾਲ ਸਟੇਜ਼ਾਂ ਕਰਦੇ ਹੋਏ ਇੱਕ ਸਫ਼ਲ ਕਲਾਕਾਰ ਵੱਜੋਂ ਪਛਾਣ ਬਣਾਈ ਹੈ। ਰੰਗਮੰਚ ਤੋਂ ਅਦਾਕਾਰੀ ਦੀ ਪਾਰੀ ਖੇਡਣ ਵਾਲਾ ਦਰਮਿਆਨੇ ਕੱਦ ਦਾ ਵੱਡਾ ਅਦਾਕਾਰ ਹੈ ਰਣਦੀਪ ਭੰਗੂ। ਉਸ ਨੇ ਰੰਗਮੰਚ ਦੇ ਉੱਘੇ ਨਿਰਦੇਸ਼ਕ ਅਤੇ ਫਿਲਮ ਅਦਾਕਾਰ ਮਲਕੀਤ ਰੌਣੀ, ਅਦਾਕਾਰਾ ਗੁਰਪ੍ਰੀਤ ਕੌਰ ਭੰਗੂ ਤੇ ਇੱਕਤਰ ਸਿੰਘ ਦੇ ਨਿਰਦੇਸ਼ਨਾਂ ਹੇਠ 'ਇਹ ਲਹੂ ਕਿਸਦਾ ਹੈ', 'ਮਿੱਟੀ ਰੁਦਨ ਕਰੇ', 'ਮਿੱਟੀ ਦਾ ਮੁੱਲ', 'ਤਮਾਸ਼ਾ ਹਿੰਦੋਸਤਾਨ', 'ਚਨਾਂ ਦੇ ਪਾਣੀ', 'ਸੱਤ ਬਿਗਾਨੇ', 'ਗਦਰੀ ਬਾਬੇ', 'ਸੀਸ਼ ਤਲੀ ਤੇ', ਆਦਿ ਦਰਜ਼ਨਾਂ ਹੀ ਨਾਟਕਾਂ ਦੇ ਸਫਲ ਸਟੇਜ਼ ਸ਼ੋਅ ਕਰਦੇ ਹੋਏ ਆਪਣੀ ਵਿਲੱਖਣ ਪਛਾਣ ਬਣਾਈ ਹੈ।

ਅਦਾਕਾਰ ਰਣਦੀਪ ਭੰਗੂ ਨੇ ਪੰਜਾਬੀ ਸਿਨੇਮੇ ਲਈ ਭਗਤ ਪੂਰਨ ਸਿੰਘ ਦੇ ਜੀਵਨ ਦੇ ਬਣੀ ਪੰਜਾਬੀ ਫਿਲਮ 'ਇਹ ਜਨਮ ਤੁਮਹਾਰੇ ਲੇਖੇ' ਰਾਹੀ ਗਹਿਰੀ ਛਾਪ ਛੱਡੀ ਹੈ। ਇਸ ਵਿੱਚਲੇ 'ਪਿਆਰੇ' ਦੇ ਕਿਰਦਾਰ ਨੇ ਉਸ ਨੂੰ ਪੰਜਾਬੀ ਫਿਲਮਾਂ 'ਚ ਸਥਾਪਤ ਕੀਤਾ ਹੈ। ਪਾਲੀਵੁੱਡ ਦੀਆਂ 20,25 ਦੇ ਕਰੀਬ ਫਿਲਮਾਂ 'ਕਰੇਜੀ ਟੱਬਰ', 'ਭਲਵਾਨ ਸਿੰਘ', 'ਸਰਦਾਰ ਮੁਹੰਮਦ', 'ਕਾਲਾ ਸ਼ਾਹ ਕਾਲਾ', 'ਦੁੱਲਾ-ਭੱਟੀ', 'ਦੋ ਦੂਣੀ ਪੰਜ', 'ਅਰਜੁਨ', 'ਢੋਲ ਰੱਤੀ', 'ਭਗਤ ਸਿੰਘ ਦੀ ਉਡੀਕ', 'ਪ੍ਰਹੁਣਾ', 'ਦੂਰਬੀਨ', ਭਲਵਾਨ ਸਿੰਘ, ਸਰਦਾਰ ਮੁਹੰਮਦ, ਭੂਤ ਅੰਕਲ ਤੁਸੀਂ ਗ੍ਰੇਟ ਹੋ', 'ਗਿੱਦੜ ਸਿੰਘੀ', 'ਤਖ਼ਤਗੜ੍ਹ', 'ਉਂਨੀ-ਇੱਕੀ', 'ਵਾਰਨਿੰਗ', ਕਰੇਜ਼ੀ ਟੱਬਰ', 'ਸਿੰਘਮ', 'ਅਰਜੁਨ', ਆਦਿ ਫਿਲਮਾਂ ਨਾਲ ਸੁਨਹਿਰੀ ਪਰਦੇ ਤੇ ਆਪਣੀ ਅਦਾਕਾਰੀ ਦਾ ਲੋਹਾ ਮਨਵਾਇਆ ਹੈ। ਆਪਣੇ ਕਰੀਅਰ ਦੇ ਬਿਹਤਰੀਨ ਦੌਰ 'ਚੌਂ ਗੁਜ਼ਰ ਰਿਹਾ ਰਣਦੀਪ ਭੰਗੂ ਦੀ ਹਾਲ ਹੀ 'ਚ ਰਿਲੀਜ਼ ਹੋਈ ਪੰਜਾਬੀ ਫਿਲਮ 'ਮੇਰਾ ਬਾਬਾ ਨਾਨਕ' ਹੈ।

ਇਸ ਮੁਕਾਮ ਤੱਕ ਪਹੁੰਚਣ ਲਈ ਰਣਦੀਪ ਭੰਗੂ ਦੱਸਦਾ ਹੈ ਕਿ ਉਸ ਨੇ ਹਨੇਰੀਆਂ ਰਾਤਾਂ ਵਿੱਚ ਮੀਂਹ ਝੱਖੜਾਂ ਦੀ ਪ੍ਰਵਾਹ ਨਾ ਕਰਦੇ ਹੋਏ ਦ੍ਰਿੜ ਇਰਾਦੇ ਨਾਲ ਸਖ਼ਤ ਮਿਹਨਤ ਕਰਦੇ ਹੋਏ ਸਫਲਤਾ ਤੇ ਕਾਫ਼ਲੇ 'ਚ ਸਾਮਿਲ ਹੋਇਆ ਹੈ। ਰਣਦੀਪ ਭੰਗੂ ਦੀਆਂ ਹੋਰ ਵੀ ਕਈ ਪੰਜਾਬੀ ਫਿਲਮਾਂ 'ਸੱਸ ਕੁਟਣੀ-2', 'ਬੱਲੇ ਓ ਚਲਾਕ ਸੱਜਣਾ', ਆਦਿ ਫਿਲਮਾਂ 'ਚ ਦਰਸ਼ਕ ਉਸ ਨੂੰ ਵੱਖ-ਵੱਖ ਕਿਰਦਾਰਾਂ 'ਚ ਦੇਖਣਗੇ।

# ਦੋਗਾਣਾ ਗੀਤ ਹਾਈ ਸਟੈਂਡਰਡ ਨਾਲ ਚਰਚਾ 'ਚ ਗਾਇਕ ਮਨੂੰ ਸਿੱਧੂ

ਜਿਲ੍ਹਾ ਹੁਸ਼ਿਆਰਪੁਰ ਦੀ ਧਰਤੀ ਨੂੰ ਮਾਣ ਹੈ ਕਿ ਉਸ ਨੇ ਪ੍ਰਸਿੱਧ ਨਾਟਕਕਾਰ ਚਰਨਦਾਸ ਸਿੱਧੂ, ਅਦਾਕਾਰਾ, ਨਿਰਦੇਸ਼ਕਾ, ਲੇਖਕ ਉਪਾਸਨਾ ਸਿੰਘ, ਕੁਲਬੀਰ ਬਡੇਸ਼ਰੋ ਵਰਗੇ ਚਿਹਰੇ ਰੰਗਮੰਚ ਤੇ ਫਿਲਮ ਇੰਡਸਟਰੀ ਨੂੰ ਦਿੱਤੇ ਹਨ। ਗੀਤ, ਸੰਗੀਤ ਦੇ ਖੇਤਰ 'ਚ ਆਪਣੇ ਗਾਇਕੀ ਦੇ ਸ਼ੌਕ ਤੇ ਸੁਪਨੇ ਨੂੰ ਹਕੀਕਤ ਵਿੱਚ ਬਦਲਦਿਆਂ ਆਪਣੇ ਦੋਗਾਣਾ ਗੀਤ 'ਹਾਈ ਸਟੈਂਡਰਡ' ਨਾਲ ਚਰਚਾ 'ਚ ਆਏ ਗਾਇਕ ਮਨੂੰ ਸਿੱਧੂ ਮਾਣ ਹੈ ਕਿ ਉਹ ਵੀ ਜਿਲ੍ਹਾ ਹੁਸ਼ਿਆਰਪੁਰ ਦਾ ਜੰਮਪਲ ਹੈ। ਗਾਇਕ ਮਨੂੰ ਸਿੱਧੂ ਦਾ ਸਹਿ ਗਾਇਕਾ ਸਾਥ ਦਿਵਿਆ ਭੱਟ ਨੇ ਦਿੱਤਾ ਹੈ। ਗੀਤਕਾਰ ਗਿੰਦੇ ਨੇ ਲਿਖੇ ਗੀਤ ਨੂੰ ਸੰਗੀਤ ਦੀਆਂ ਮਨਮੋਹਕ



ਗਾਇਕ ਮਨੂੰ ਸਿੱਧੂ ਆਪਣੇ ਦੋਗਾਣਾ ਗੀਤ 'ਹਾਈ ਸਟੈਂਡਰਡ' ਦੇ ਸੈੱਟ 'ਤੇ ਵੱਖਰੇ ਅੰਦਾਜ਼ ਵਿੱਚ।

ਧੁੰਨਾਂ ਵਿੱਚ ਨਵ ਪ੍ਰਿੰਸ਼ ਨੇ ਪਰੋਇਆ ਹੈ। ਗੀਤ ਨੂੰ ਲੇਖਕ, ਨਿਰਦੇਸ਼ਕ ਤੇ ਅਦਾਕਾਰ ਰਤਨ ਔਲਖ ਤੇ ਉਨ੍ਹਾਂ ਦੇ ਬੇਟੇ ਯੁਵਰਾਜ ਔਲਖ ਨੇ ਆਪਣੇ ਕਰ-ਕਮਲਾਂ ਨਾਲ ਰਿਲੀਜ਼ ਕੀਤਾ ਹੈ। ਨਵ ਸਿੱਧੂ ਅਤੇ ਸੁਰ ਪੰਜਾਬ ਰਿਕਾਰਡਿੰਗ ਦੀ ਇਹ ਸ਼ਾਨਦਾਰ ਪੇਸ਼ਕਸ ਦੇ ਨਿਰਦੇਸ਼ਕ ਗੁਰਮਨ ਗਿੱਲ ਹੈ। ਗੀਤ ਦੇ ਵੀਡੀਓ ਫਿਲਮਾਂਕਣ 'ਚ ਮਾਡਲ ਏਕਤਾ ਵਰਮਾ, ਅਭੀ ਮਨੀ, ਲਖਵਿੰਦਰ ਸਿੰਘ ਤੇ ਹੋਰ ਕਈ ਕਲਾਕਾਰਾਂ ਨੇ ਕੰਮ ਕੀਤਾ ਹੈ। ਜਸਬੀਰ ਗਿੱਲ ਨੇ ਦੱਸਿਆ ਸ਼ੁਰੀਲੇ ਗਾਇਕ ਮਨੂੰ ਸਿੰਘ ਦੇ ਗੀਤ ਦੀ ਸੰਗੀਤ ਦੇ ਖੇਤਰ 'ਚ ਚੁਫ਼ੇਰੇ ਚਰਚਾ ਹੈ। ਗੀਤ ਦੀ ਸਫ਼ਲਤਾਂ ਨੂੰ ਲੈ ਕੇ ਗੀਤ ਦੀ ਟੀਮ ਵਧਾਈ ਦੀ ਪਾਤਰ ਹੈ। ਗਾਇਕ ਮਨੂੰ ਸਿੰਘ ਤੋਂ ਪੰਜਾਬੀ ਸੰਗੀਤ ਜਗਤ ਨੂੰ ਬਹੁਤ ਆਸਾਂ ਹਨ।

The Punjabi Newspaper
ਪੰਜਾਬੀ ਅਖ਼ਬਾਰ Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ (001) 403 640 2000

Punjabi Chulha ਪੰਜਾਬੀ ਚੁੱਲ੍ਹਾ
Restaurant & Sweet Shop
We Do Take-Out & Catering For All Events
ਫੋਨ ਆ ਗਿਆ ਕਿ ਘਰ ਪ੍ਰਾਹੁਣੇ ਆ ਰਹੇ ਨੇ ਐਵੈ ਨਾ ਡਰੋ!
"ਪੰਜਾਬੀ ਚੁੱਲੇ" ਦੇ ਖਾਣਿਆਂ ਨਾਲ ਮਹਿਮਾਨਾ ਦੀ ਆਓ ਭਗਤ ਕਰੋ!
ਦਿਲ ਚਾਹੇ ਉੱਥੇ ਬੈਠ ਕੇ ਖਾਓ-ਦਿਲ ਚਾਹੇ ਘਰ ਲੈ ਜਾਓ!
ਆਪਣੇ ਘਰ ਵੇਲਣੇ ਨੂੰ ਛੁੱਟੀ, ਬੱਸ ਵੇਲਣੇ ਦੀ ਥਾਂ ਫੋਨ ਘੁਮਾਓ!
ਪੰਜਾਬੀ ਚੁੱਲ੍ਹਾ ਰੈਸਟੋਰੈਂਟ
ਕੈਲਗਰੀ ਸਕਾਈਵਿਊ ਦੇ ਰੈਡ ਸਟੋਨ ਏਰੀਆ ਵਿੱਚ ਖੁੱਲ ਗਿਆ ਹੈ।
83 Martindale Blvd NE Calgary, AB T3J 3M7
P: 403-453-9000 / C:403-477-5142



CHANDIGARH DRIVING SCHOOL
Don't Learn Safety by Accident
Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test
RAVINDER SINGH SOHI
Alberta Certified Class 1,3,5
(Driving Instructor)
We Can Speak English, German, Punjabi, Hindi & Urdu
STOP
We have 24 years Experience
Auto & Manual Truck For Training
ਵਧੀਆ ਸੇਵਾਵਾਂ, ਵਾਜਬ ਕੀਮਤਾਂ
ਚੰਡੀਗੜ੍ਹ ਡਰਾਈਵਿੰਗ ਸਕੂਲ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca



Any Commercial or Domestic disposable items, like sofa, table, chair, bed, mattress, washer, dryer, fridge etc. or any lumber,
we will pickup from your constructionsite/residence at a very reasonable rate.
Junk Dump Edmonton
Junk Removal
Call: 780 700 5022
ਕਮਰਸ਼ੀਅਲ ਜਾਂ ਘਰ ਦਾ ਕੋਈ ਵੀ ਪੁਰਾਣਾ ਫਰਨੀਚਰ ਜਿਵੇਂ ਕਿ ਸੋਫੇ, ਟੇਬਲ, ਗੱਦੇ, ਬੈਡ, ਵਾਸ਼ਰ, ਡਰਾਇਅਰ, ਫਰਿੱਜ ਕਿੱਸੇ ਵੀ ਕਿਸਮ ਦਾ ਸਮਾਨ ਹੋਵੇ ਅਸੀ ਆਪ ਤੁਹਾਡੇ ਘਰੋ ਵਾਜਬ ਕੀਮਤਾਂ ਤੇ ਲੈਕੇ ਜਾਵਾਂਗੇ ਤੇ ਉਹਨਾਂ ਨੂੰ ਡਿਸਪੋਜ ਕਰਾਂਗੇ!



# 'ਹੌਂਦ ਦੀ ਜੰਗ' ਲੜ ਰਹੀ 'ਇਨਸਾਨੀਅਤ ਦੇ ਲਹੂ ਨਾਲ ਭਿੱਜੀ' ਪਿੰਡ ਹੌਂਦ ਚਿੱਲੜ ਦੀ ਧਰਤੀ

## ਸਿੱਖ ਨਸਲਕੁਸ਼ੀ ਦੇ 39 ਵਰ੍ਹਿਆਂ ਬਾਅਦ ਵੀ ਸ਼ਹੀਦੀ ਯਾਦਗਾਰ ਦੀ ਉਸਾਰੀ ਸ਼ੁਰੂ ਨਾ ਹੋ ਸਕੀ


ਹੌਂਦ ਚਿੱਲੜ ਵਿਖੇ ਖੰਡਰ ਬਣ ਰਹੀਆਂ ਹਵੇਲੀਆਂ, ਸ਼ਹੀਦੀ ਯਾਦਗਾਰ ਸਬੰਧੀ ਲਗਾਇਆ ਬੋਰਡ ਅਤੇ ਗੱਲਬਾਤ ਕਰਦੇ ਹੋਏ ਇੰਜੀ. ਮਨਵਿੰਦਰ ਸਿੰਘ ਗਿਆਸਪੁਰਾ ।


ਮਨਜਿੰਦਰ ਸਿੰਘ ਸਰੌਦ
9463463136

ਬੀਤ ਚੁੱਕੇ 39 ਕੁ ਵਰ੍ਹੇ ਪਹਿਲਾਂ 2 ਨਵੰਬਰ 1984 ਦੀ ਸਵੇਰ ਨੂੰ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਭਾਰਤ ਦੇ ਬਾਕੀ ਹਿੱਸਿਆਂ ਦੀ ਤਰ੍ਹਾਂ ਹਰਿਆਣਾ ਦੇ ਜ਼ਿਲ੍ਹਾ ਰਿਵਾੜੀ ਦੀ ਤਹਿਸੀਲ ਪਟੌਦੀ ਦੇ ਪਿੰਡ ਹੌਂਦ ਚਿੱਲੜ ਵਿਖੇ ਦਰਿੰਦਿਆਂ ਦੀ ਭੜਕੀ ਭੀੜ ਵੱਲੋਂ ਪਿੰਡ ਅੰਦਰ ਦਾਖ਼ਲ ਹੋ ਕੇ ਲਗਪਗ 18 ਸਿੱਖ ਪਰਿਵਾਰਾਂ ਦੇ 32 ਜੀਆਂ ਨੂੰ ਦੁੱਧ ਚੁੰਘਦੇ ਮਾਸੂਮ ਬੱਚਿਆਂ ਸਮੇਤ ਬੇਰਹਿਮੀ ਨਾਲ ਜ਼ਖਮੀ ਕਰਨ ਤੋਂ ਬਾਅਦ ਇੱਕ ਖੂਹ ਵਿੱਚ ਸੁੱਟ ਕੇ ਮਿੱਟੀ ਦਾ ਤੇਲ ਪਾ ਕੇ ਸਾੜਨ ਦੀ ਦਰਦਨਾਕ ਦਾਸਤਾਨ ਨੂੰ ਜ਼ਿਲ੍ਹਾ ਲੁਧਿਆਣਾ ਦੇ ਪਾਇਲ ਵਿਧਾਨ ਸਭਾ ਹਲਕੇ ਤੋਂ ਮੌਜੂਦਾ ਵਿਧਾਇਕ ਇੰਜ. ਮਨਵਿੰਦਰ ਸਿੰਘ ਗਿਆਸਪੁਰਾ ਨੇ ਜੱਗ-ਜ਼ਾਹਰ ਕੀਤਾ ਸੀ। ਜਿੱਥੇ ਲੰਘੇ ਦਿਨੀਂ ਇਕ ਵਾਰ ਫਿਰ ਲਗਭਗ 10 ਵਰ੍ਹਿਆਂ ਬਾਅਦ ਜਾਣ ਦਾ ਸਬੱਬ ਬਣਿਆ।

ਪਿੰਡ ਹੌਂਦ ਚਿੱਲੜ ਦੇ ਕਤਲੇਆਮ ਤੋਂ ਇਲਾਵਾ ਇਸੇ ਦਿਨ, ਦਰਿੰਦਿਆਂ ਵੱਲੋਂ ਗੁੜਗਾਉਂ ਪਟੌਦੀ ਅਤੇ ਰਿਵਾੜੀ ਵਿਖੇ 47 ਸਿੱਖਾਂ ਨੂੰ ਕੋਹ-ਕੋਹ ਕੇ ਮੌਤ ਦੇ ਹਵਾਲੇ ਕਰ ਦਿੱਤਾ ਗਿਆ ਸੀ। ਇਨ੍ਹਾਂ ਸਾਰਿਆਂ ਪੀੜਤ ਪਰਵਾਰਾਂ ਦੇ ਕੇਸ ਅਦਾਲਤਾਂ ਵਿਚ ਚੱਲ ਰਹੇ ਹਨ ਜਿਨ੍ਹਾਂ ਦੀ ਪੈਰਵਾਈ ਇੰਜ ਗਿਆਸਪੁਰਾ ਵੱਲੋਂ ਕੀਤੀ ਜਾ ਰਹੀ ਹੈ। ਇੰਜ. ਗਿਆਸਪੁਰਾ ਵਲੋਂ ਕੇਸਾਂ ਦੀ ਪੈਰਵਾਈ ਕਰਨ ਤੋਂ ਬਾਅਦ ਆਖਿਰ ਹਰਿਆਣਾ ਸਰਕਾਰ ਵੱਲੋਂ ਇਸ ਕਤਲੇਆਮ ਦੌਰਾਨ ਜਾਨਾਂ ਗੁਆ ਚੁੱਕੇ ਜੀਆਂ ਦੇ ਪਰਿਵਾਰਾਂ ਨੂੰ ਭਾਵੇਂ ਮੁਆਵਜ਼ਾ ਮਿਲਣ ਨਾਲ ਉਨ੍ਹਾਂ ਦੇ ਜ਼ਖ਼ਮਾਂ ਤੇ ਕੁੱਝ ਮੱਲ੍ਹਮ ਤਾਂ ਲੱਗੀ ਪਰ ਦੋਸ਼ੀਆਂ ਨੂੰ ਸਜ਼ਾਵਾਂ ਦੇ ਲਈ ਅਦਾਲਤਾਂ ਦੇ ਇਨਸਾਫ ਨੂੰ ਉਡੀਕਦੇ-ਉਡੀਕਦੇ ਕਈ ਗਵਾਹ ਵੀ ਇਸ ਸੰਸਾਰ ਤੋਂ ਕੂਚ ਕਰ ਗਏ। ਸੰਨ 2011 ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਤਤਕਾਲੀ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਕੁਝ ਪੰਥਕ ਕਹਾਉਂਦੇ ਆਗੂਆਂ ਦੇ ਨਾਲ ਉਸ ਜਗ੍ਹਾ ਤੇ ਜਾ ਕੇ ਸ਼ਹੀਦੀ ਯਾਦਗਾਰ ਵਜੋਂ ਨੀਂਹ ਪੱਥਰ ਵੀ ਰੱਖਿਆ ਗਿਆ ਪਰ ਮੁੜ ਕੇ ਉਸ ਥਾਂ ਤੇ ਫ਼ੇਰਾ ਪਾਉਣਾ ਵੀ ਮੁਨਾਸਿਬ ਨਾ ਸਮਝਿਆ।

ਸਮੇਂ ਦੀਆਂ ਫੇਟਾਂ ਅਤੇ ਤਿੱਖੜ ਦੁਪਹਿਰੇ ਸੰਘਰਸ਼ ਦੀ ਲੰਬੀ ਦਾਸਤਾਨ ਲਿਖਣ ਵਾਲੇ ਇੰਜ. ਮਨਵਿੰਦਰ ਸਿੰਘ ਗਿਆਸਪੁਰਾ ਅਤੇ ਸਿੱਖ ਪਰਿਵਾਰਾਂ ਨੇ ਆਖਿਆ ਕਿ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ 'ਸਿਵਾਏ ਸਿਰਫ ਲਾਰਿਆਂ' ਦੇ ਸਾਡੀ ਸ਼੍ਰੋਮਣੀ ਕਮੇਟੀ ਵੱਲੋਂ ਉਥੇ ਸ਼ਹੀਦੀ ਯਾਦਗਾਰ ਵਜੋਂ ਅੱਜ ਤੱਕ ਇੱਕ ਇੱਟ ਵੀ ਨਹੀਂ ਲੱਗ ਸਕੀ ਅਤੇ ਜਥੇਦਾਰ ਸਾਹਿਬ ਵੱਲੋਂ ਰੱਖਿਆ ਨੀਂਹ ਪੱਥਰ ਵੀ ਸ਼ਹੀਦਾਂ ਨਾਲ ਮਜ਼ਾਕ ਬਣ ਕੇ ਰਹਿ ਗਿਆ ਅਤੇ ਕੁਝ ਸਮੇਂ ਬਾਅਦ ਜੱਥੇਦਾਰ ਸਾਹਿਬ ਵੱਲੋਂ ਰੱਖਿਆ ਨੀਂਹ ਪੱਥਰ ਵੀ ਸ਼ਰਾਰਤੀਆਂ ਵੱਲੋਂ ਤੋੜ ਦਿੱਤਾ ਗਿਆ। ਇੰਜ. ਗਿਆਸਪੁਰਾ ਅਤੇ ਪੀੜਤ ਪਰਿਵਾਰਾਂ ਨੇ ਆਖਿਆ ਕਿ ਕਿੰਨੀ ਹੈਰਾਨੀ ਦੀ ਗੱਲ ਹੈ ਕਿ ਇਸ ਕਤਲੇਆਮ ਦਾ ਸੰਤਾਪ ਹੰਢਾਅ ਰਹੇ ਪਰਿਵਾਰਾਂ ਦੀਆਂ ਜ਼ਮੀਨਾਂ ਨੂੰ ਵੀ ਇੱਥੋਂ ਦੇ ਕੁਝ ਧਨਾਢ ਅਤੇ ਸਿਆਸਤਦਾਨ ਲੋਕਾਂ ਵੱਲੋਂ ਰਲ ਕੇ ਹੜੱਪ ਕਰਨ ਦੀਆਂ ਸਾਜ਼ਿਸ਼ਾਂ ਜਾਰੀ ਹਨ।

ਉਨ੍ਹਾਂ ਆਖਿਆ ਕਿ ਉਕਤ ਪਿੰਡ ਹੌਂਦ ਦੀ ਜ਼ਮੀਨ ਵਿੱਚੋਂ ਕਾਫੀ ਹਿੱਸਾ ਅਸਰ-ਰਸੂਖ ਵਾਲੇ ਵਿਅਕਤੀਆਂ ਨੇ ਆਪਣੇ ਕਬਜ਼ੇ ਹੇਠ ਕਰ ਲਿਆ ਹੈ। ਜਦਕਿ ਅਦਾਲਤ ਵਿੱਚ ਕੇਸ ਚੱਲ ਰਿਹਾ ਹੈ ਤਾਂ ਉਕਤ ਥਾਂ ਤੇ ਜਾ ਕੇ ਕਿਸੇ ਵੀ ਵਿਅਕਤੀ ਨੂੰ ਕੋਈ ਹੱਕ ਨਹੀਂ ਕਿ ਉਹ ਪੀੜਤ ਪਰਿਵਾਰਾਂ ਦੀ ਜ਼ਮੀਨ ਤੇ ਪੈਰ ਰੱਖ ਸਕੇ ਪਰ ਉਥੇ ਕਾਨੂੰਨ ਨੂੰ ਛਿੱਕੇ ਟੰਗ ਕੇ ਸਭ ਕੁਝ ਕੀਤਾ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਸਰਕਾਰ ਨੂੰ ਇਸ ਸਬੰਧੀ ਨੋਟਿਸ ਲੈਣ ਦੀ ਲੋੜ ਹੈ ਤਾਂ ਕਿ ਪਿੰਡ ਹੌਂਦ ਦੀ ਹੋਂਦ ਬਚਾਈ ਜਾ ਸਕੇ। ਸਿੱਖ ਕਤਲੇਆਮ ਦਾ ਸੰਤਾਪ ਹੰਢਾ ਰਹੀ ਅਤੇ ਆਪਣੇ ਪਰਿਵਾਰ ਦੇ 12 ਜੀਅ ਗੁਆ ਚੁੱਕੀ ਬੀਬੀ ਸੁਰਜੀਤ ਕੌਰ ਨੇ ਆਖਿਆ ਕਿ ਉਨ੍ਹਾਂ ਨੂੰ ਅੱਜ ਵੀ ਇਨਸਾਫ ਦੀ ਉਮੀਦ ਹੈ ਪ੍ਰੰਤੂ ਦੇਰ ਨਾਲ ਮਿਲਿਆ ਇਨਸਾਫ਼ ਵੀ ਜ਼ਖ਼ਮਾਂ ਨੂੰ ਕੁਰੇਦਣ ਤੋਂ ਘੱਟ ਨਹੀਂ ਹੁੰਦਾ। ਲਗਪਗ ਚਾਰ ਦਹਾਕੇ ਪਹਿਲਾਂ ਕਈ ਏਕੜਾਂ ਵਿੱਚ ਵਸੇ ਇਸ ਪਿੰਡ ਦੀ ਅਬਾਦੀ ਵਾਲੀ ਜ਼ਮੀਨ ਹੁਣ ਖੁਰਦੀ-ਖੁਰਦੀ ਮਹਿਜ਼ ਇੱਕ ਏਕੜ ਦੇ ਕਰੀਬ ਰਹਿ ਗਈ ਹੈ।

ਸਾਡੇ ਕੌਮੀ ਆਗੂਆਂ ਵੱਲੋਂ ਯਾਦਗਾਰ ਉਸਾਰਨ ਦੇ ਲਈ ਲਗਾਇਆ ਗਿਆ ਨਿਸ਼ਾਨ ਸਾਹਿਬ ਵੀ ਟੁੱਟ ਕੇ ਡਿੱਗ ਚੁੱਕਿਆ ਹੈ ਅਤੇ ਇਮਾਰਤਾਂ ਖੰਡਰਾਂ ਦਾ ਰੂਪ ਧਾਰਨ ਕਰ ਰਹੀਆਂ ਹਨ। ਭਾਵੇਂ ਕਿ ਪਿਛਲੇ ਲੰਬੇ ਸਮੇਂ ਤੋਂ ਲੈ ਕੇ ਸ਼੍ਰੋਮਣੀ ਕਮੇਟੀ ਅਤੇ ਹਰਿਆਣੇ ਦੀਆਂ ਸਿੱਖ ਜਥੇਬੰਦੀਆਂ ਅਤੇ ਹਰਿਆਣਾ ਦੇ ਸਿੱਖ ਆਗੂਆਂ ਵੱਲੋਂ ਵੀ ਪਿੰਡ ਹੌਂਦ ਚਿਲੜ ਜਾ ਕੇ ਸ਼ਹੀਦੀ ਯਾਦਗਾਰ ਉਸਾਰਨ ਦਾ ਵਾਅਦਾ ਕੀਤਾ ਗਿਆ ਸੀ। ਸ਼੍ਰੋਮਣੀ ਕਮੇਟੀ ਦੀ ਗੱਲ ਛੱਡੋ ਪਰ ਹਰਿਆਣਾ ਦੇ ਸਿੱਖ ਆਗੂਆਂ ਅਤੇ ਉਥੋਂ ਦੀ ਕਮੇਟੀ ਨੇ ਵੀ ਪਿੰਡ ਹੌਂਦ ਚਿੱਲੜ ਦੀ ਸ਼ਹੀਦੀ ਯਾਦਗਾਰ ਦੀ ਉਸਾਰੀ ਲਈ ਕੁਝ ਨਹੀਂ ਕੀਤਾ। ਜਿਹੜੇ ਸਿੱਖ ਆਗੂ ਉਸ ਸਮੇਂ ਪਿੰਡ ਹੌਂਦ ਚਿਲੜ ਵਿਖੇ ਜਾ ਕੇ ਸ਼ਹੀਦਾਂ ਨੂੰ ਇਨਸਾਫ ਦਿਵਾਉਣ ਅਤੇ ਉਹਨਾਂ ਦੀ ਯਾਦਗਾਰ ਬਣਾਉਣ ਦੀਆਂ ਗੱਲਾਂ ਕਰ ਕੇ ਆਏ ਸਨ ਉਨ੍ਹਾਂ ਨੇ ਮੁੜ ਕੇ ਪਿੰਡ ਹੌਂਦ ਚਿੱਲੜ ਜਾਣ ਦਾ ਹੰਭਲਾ ਕਿਉਂ ਨਾ ਮਾਰਿਆ ਇਹ ਸਵਾਲ ਅੱਜ ਸਾਡੇ ਕੌਮੀ ਆਗੂਆਂ ਅੱਗੇ ਮੂੰਹ ਅੱਡੀ ਖੜ੍ਹਾ ਹੈ।

ਸਥਾਨਕ ਸਿੱਖ ਪਰਿਵਾਰਾਂ ਦਾ ਗਿਲਾ ਹੈ ਕਿ ਇੰਜ. ਗਿਆਸਪੁਰਾ ਤੋਂ ਸਿਵਾਏ ਸਿੱਖਾਂ ਦੀ ਨੁਮਾਇੰਦਾ ਜਮਾਤ ਸ਼੍ਰੋਮਣੀ ਕਮੇਟੀ ਅਤੇ ਸਿੱਖ ਜਥੇਬੰਦੀਆਂ ਵਲੋਂ ਪਿੰਡ ਹੌਂਦ ਚਿੱਲੜ ਅੰਦਰ ਕਤਲੇਆਮ ਵਿੱਚ ਜਾਨਾਂ ਗੁਆ ਚੁੱਕੇ ਸ਼ਹੀਦਾਂ ਦੀ ਯਾਦ ਨੂੰ ਤਾਜ਼ਾ ਰੱਖਣ ਦੇ ਲਈ ਕੋਈ ਉਪਰਾਲਾ ਨਹੀਂ ਕੀਤਾ ਗਿਆ, ਹਾਂ ਵਾਅਦੇ ਜ਼ਰੂਰ ਕੀਤੇ ਗਏ ਜੋ ਕਦੇ ਵੀ ਵਫ਼ਾ ਨਾ ਹੋਏ। ਇੱਕ ਗੱਲ ਆਮ ਆਦਮੀ ਪਾਰਟੀ ਦੇ ਮੁੱਖ ਬੁਲਾਰੇ ਅਤੇ ਹਲਕਾ ਪਾਇਲ ਤੋਂ ਵਿਧਾਇਕ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਨੂੰ ਜ਼ਰੂਰ ਕਹਾਂਗਾ ਕਿ ਚਲੋ ਪਿਛਲੇ ਸਮੇਂ ਤਾਂ ਉਨ੍ਹਾਂ ਦੀ ਸਰਕਾਰ ਵੀ ਨਹੀਂ ਸੀ ਪਰ ਹੁਣ ਤਾਂ ਪੰਜਾਬ ਅਤੇ ਦਿੱਲੀ ਅੰਦਰ ਉਨ੍ਹਾਂ ਦੀ ਸਰਕਾਰ ਹੈ ਅਤੇ ਉਹ ਵਿਧਾਇਕ ਵੀ ਬਣ ਚੁੱਕੇ ਹਨ ਇਸ ਲਈ ਉਨ੍ਹਾਂ ਦਾ ਫਰਜ਼ ਬਣਦਾ ਹੈ ਕਿ ਉਹ ਕੌਮੀ ਫਰਜ਼ ਦੀ ਪੂਰਤੀ ਕਰਦਿਆਂ ਯਾਦਗਾਰ ਦੀ ਉਸਾਰੀ ਲਈ ਜ਼ਰੂਰ ਅੱਗੇ ਆਉਣ, ਕਿਉਂਕਿ ਸਿੱਖ ਸੰਗਤਾਂ ਦੇ ਮਨਾਂ ਵਿਚ ਉਨ੍ਹਾਂ ਪ੍ਰਤੀ ਬੇਹੱਦ ਸਤਿਕਾਰ ਹੈ ਅਤੇ ਇਸ ਮਾਮਲੇ ਵਿੱਚ ਸੰਗਤ ਉਨ੍ਹਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਸਾਥ ਦੇਵੇਗੀ ਜੋ ਇੱਕ ਕੌਮੀ ਫ਼ਰਜ਼ ਵੀ ਹੈ।

ਇਸ ਸਾਰੇ ਵਰਤਾਰੇ ਦਾ ਇੱਕ ਦੁੱਖਦਾਈ ਪੱਖ ਇਹ ਵੀ ਹੈ ਕਿ ਇਸ ਸਰਕਾਰੀ ਨਰਸੰਘਾਰ ਨੂੰ ਜੱਗ ਜ਼ਾਹਰ ਕਰਨ ਵਾਲੇ ਗੁੜਗਾਉਂ ਦੀ ਇਕ ਫੈਕਟਰੀ ਵਿਚ 1 ਲੱਖ ਰੁਪਈਆ ਮਹੀਨਾ ਤੇ ਨੌਕਰੀ ਕਰਨ ਵਾਲੇ ਸਿੱਖ ਨੌਜਵਾਨ ਅਤੇ ਹੁਣ 'ਆਪ' ਦੇ ਵਿਧਾਇਕ ਇੰਜੀ. ਮਨਵਿੰਦਰ ਸਿੰਘ ਗਿਆਸਪੁਰਾ ਨੂੰ ਵੀ ਸ਼੍ਰੋਮਣੀ ਕਮੇਟੀ ਅਤੇ ਉਸ ਵੇਲੇ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਵੱਲੋਂ ਸਿਵਾਏ ਜ਼ਲੀਲ ਕਰਨ ਦੇ ਕੁਝ ਨਹੀਂ ਕੀਤਾ ਗਿਆ। ਹੈਰਾਨੀਜਨਕ ਤੱਥ ਹੈ ਕਿ ਅਕਾਲੀ-ਭਾਜਪਾ ਤੇ ਕਾਂਗਰਸ ਦੀ ਸਰਕਾਰ ਵੇਲੇ ਉਨ੍ਹਾਂ ਨੂੰ ਲਗਭਗ ਇੱਕ ਦਰਜਨ ਦੇ ਕਰੀਬ ਜੇਲ ਭੇਜਿਆ ਗਿਆ ਤੇ ਉਨ੍ਹਾਂ ਤੇ ਤਸ਼ੱਦਦ ਦੀ ਇੱਕ ਨਵੀਂ ਇਬਾਰਤ ਲਿਖੀ ਗਈ। ਉਨ੍ਹਾਂ ਨੂੰ ਮਦਦ ਦੇਣ ਦੀ ਬਜਾਏ ਉਨ੍ਹਾਂ ਦੇ ਨਾਲ ਪਰਿਵਾਰ ਨੂੰ ਵੀ ਕਈ ਮਾਮਲਿਆ ਵਿਚ ਘੜੀਸ ਕੇ ਜਬਰ ਕੀਤਾ ਗਿਆ। ਬਾਰ-ਬਾਰ ਉਨ੍ਹਾਂ ਨੂੰ ਅਤੇ ਉਨ੍ਹਾਂ ਦੀ ਧਰਮ ਪਤਨੀ ਨੂੰ ਨੌਕਰੀ ਦਾ ਵਾਅਦਾ ਕਰ ਕੇ ਸਿਰੇ ਦੀ ਜ਼ਲਾਲਤ ਦਿੱਤੀ ਗਈ। ਹੌਂਦ ਚਿਲੜ ਦੀ ਯਾਦਗਾਰ ਤਾਂ ਕੀ ਬਣਾਉਣੀ ਸੀ ਸਗੋਂ ਇੰਜ. ਗਿਆਸਪੁਰਾ ਤੇ ਪਰਚੇ ਦਰਜ ਕਰਨ ਤੋਂ ਬਾਅਦ ਉਨ੍ਹਾਂ ਨੂੰ ਜੇਲ ਵਿੱਚ ਡੱਕ ਦਿੱਤਾ ਗਿਆ। ਇਸ ਦਰਦ ਕਹਾਣੀ ਦਾ ਵੀ ਕੋਈ ਅੰਤ ਨਹੀਂ ਹੈ।

ਪਿੰਡ ਦੀ ਅਬਾਦੀ ਤੋਂ ਦੂਰ ਬੀਆਬਾਨ ਬਣ ਚੁੱਕੇ ਪਿੰਡ ਹੌਂਦ ਚਿਲੜ ਜਿੱਥੇ ਅੱਜ ਵੀ ਉਸ ਮੌਕੇ ਦੀਆਂ ਤਸਵੀਰਾਂ ਵੇਖ ਕਾਲਜਾਂ ਫਟ ਜਾਂਦਾ ਹੈ। ਸ਼ਾਹੀ ਹਵੇਲੀਆਂ ਖੰਡਰ ਬਣ ਚੁੱਕੀਆਂ ਹਨ। ਗੁਰਦੁਆਰਾ ਸਾਹਿਬ ਦੀ ਇਮਾਰਤ ਢਹਿ-ਢੇਰੀ ਹੋ ਚੁੱਕੀ ਹੈ। ਪਿੰਡ ਦੀ ਜ਼ਿਆਦਾਤਰ ਜ਼ਮੀਨ ਤੇ ਧੜੱਲੇਦਾਰ ਲੋਕਾਂ ਵੱਲੋਂ ਕਬਜ਼ਾ ਕਰ ਲਿਆ ਗਿਆ ਹੈ। ਜੇ ਕੁਝ ਬਾਕੀ ਬਚਿਆ ਹੈ ਤਾਂ ਸਿਰਫ ਉਸ ਵਹਿਸ਼ੀਆਨਾ ਕਾਰੇ ਦੇ ਨਿਸਾਨ ਜਿੱਥੇ ਇਕ ਦੁੱਧ ਜੰਮਦੇ ਮਸੂਮ ਬੱਚੇ ਨੂੰ ਕੰਧ ਨਾਲ ਪਟਕਾ ਕੇ ਮਾਰ ਦਿੱਤਾ ਗਿਆ ਕੀ ਉਸ ਮਸੂਮ ਅਤੇ ਸਿੱਖ ਸ਼ਹੀਦਾਂ ਦੇ ਪਰਿਵਾਰ ਇਸ ਵਰਤਾਰੇ ਨੂੰ ਭੁਲਾ ਪਾਉਣਗੇ। ਸਿੱਖ ਕੌਮ ਲਈ ਨਾਸੂਰ ਬਣ ਚੁੱਕੇ ਇਸ ਕੌਮੀ ਦਰਦ ਪ੍ਰਤੀ ਗੱਲਬਾਤ ਕਰਦਿਆਂ ਇੰਜ. ਮਨਵਿੰਦਰ ਸਿੰਘ ਗਿਆਸਪੁਰਾ ਨੇ ਆਖਿਆ ਕਿ ਜੇਕਰ ਸਿੱਖ ਸੰਗਤ ਉਨ੍ਹਾਂ ਨੂੰ ਹੁਕਮ ਕਰੇਗੀ ਤਾਂ ਉਹ ਕੌਮੀ ਦਰਦ ਰਖਣ ਵਾਲੀਆਂ ਸਿੱਖ ਹਸਤੀਆਂ ਨਾਲ ਮਿਲ ਕੇ ਸ਼ਹੀਦੀ ਯਾਦਗਾਰ ਉਸਾਰਨ ਲਈ ਆਪਣੇ ਪੱਧਰ ਤੇ ਉਪਰਾਲਾ ਜ਼ਰੂਰ ਕਰਨਗੇ। ਚੰਗਾ ਹੋਵੇ ਜੇਕਰ ਸ਼੍ਰੋਮਣੀ ਕਮੇਟੀ ਅਤੇ ਹਰਿਆਣੇ ਦੀਆਂ ਸਿੱਖ ਜਥੇਬੰਦੀਆਂ ਅਤੇ ਹਰਿਆਣਾ ਕਮੇਟੀ ਇਸ ਸ਼ਹੀਦੀ ਯਾਦਗਾਰ ਦੀ ਉਸਾਰੀ ਲਈ ਆਪਣਾ ਬਣਦਾ ਯੋਗਦਾਨ ਪਾਵੇ ਤਾਂ ਕਿ ਇਸ ਇਤਿਹਾਸਕ ਸਰਜ਼ਮੀਂ ਨੂੰ ਸਾਂਭਿਆ ਜਾ ਸਕੇ।



# ਦਰਸ਼ਕਾਂ ਦਾ ਖ਼ੂਬ ਮਨੋਰੰਜਨ ਕਰੇਗੀ ਰਣਜੀਤ ਬਾਵਾ ਦੀ ਨਵੀਂ ਫ਼ਿਲਮ 'ਲਹਿੰਬਰਗਿੰਨੀ'




ਸੁਰਜੀਤ ਜੱਸਲ
9814607737

ਰਣਜੀਤ ਬਾਵਾ ਲੰਬੇ ਸਮੇਂ ਬਾਅਦ ਇੱਕ ਸਮਾਜਿਕ ਸੰਦੇਸ਼ ਦੇ ਨਾਲ ਇੱਕ ਬਹੁਤ ਹੀ ਵਿਲੱਖਣ ਅਤੇ ਇਸ ਦਿਲਚਸਪ ਕਹਾਣੀ ਵਾਲੀ ਫ਼ਿਲਮ 'ਲਹਿੰਬਰਗਿੰਨੀ' ਲੈ ਕੇ ਆ ਰਿਹਾ ਹੈ।ਐੱਸ.ਐੱਸ.ਡੀ ਪ੍ਰੋਡਕਸ਼ਨ, ਹੈਂਗਬੌਇਸ ਸਟੂਡੀਓਜ਼ ਅਤੇ 91 ਫਿਲਮ ਸਟੂਡੀਓਜ਼ ਦੀ ਸਾਂਝੀ ਪੇਸ਼ਕਸ ਇਸ ਫਿਲਮ ਵਿੱਚ ਰਣਜੀਤ ਬਾਵਾ ਅਤੇ ਮਾਹਿਰਾ ਸ਼ਰਮਾ ਦੀ ਜੋੜੀ ਪਾਲੀਵੁੱਡ ਵਿਚ ਧਮਾਲ ਪਾਵੇਗੀ। ਫਿਲਮ ਦਾ ਨਾਂ ਇਸ ਪਿੱਛੇ ਦੀ ਕਹਾਣੀ ਨੂੰ ਦੇਖਣ ਲਈ ਦਿਲਚਸਪੀ ਜਗਾਉਂਦਾ ਹੈ ਅਤੇ ਰਣਜੀਤ ਬਾਵਾ ਦੇ ਨਾਲ, ਇਹ ਦੇਖਣਾ ਹੋਰ ਵੀ ਦਿਲਚਸਪ ਹੋਵੇਗਾ ਕਿ ਉਹ ਲੰਬੇ ਸਮੇਂ ਬਾਅਦ ਆਪਣੇ ਦਰਸ਼ਕਾਂ ਲਈ ਕੀ ਲੈ ਕੇ ਆ ਰਹੇ ਹਨ।

ਬੀਤੇ ਦਿਨੀਂ ਆਏ ਫਿਲਮ ਦੇ ਟ੍ਰੇਲਰ ਨੇ ਦਰਸ਼ਕਾਂ ਦਾ ਉਤਸ਼ਾਹ ਵਧਾ ਦਿੱਤਾ ਕਿਉਂਕਿ ਇਹ ਫਿਲਮ ਵਿਚ ਮਨੋਰੰਜਨ ਦਾ ਹਰੇਕ ਮਸਾਲਾ ਹੋਵੇਗਾ। ਵੱਖ-ਵੱਖ ਕਿਰਦਾਰਾਂ ਨਾਲ ਜੁੜੀ ਇਹ ਫਿਲਮ ਸਿਨੇਮਾਘਰਾਂ @ਚ ਪਰਿਵਾਰ ਅਤੇ ਨੌਜਵਾਨ ਦਰਸ਼ਕਾਂ ਨੂੰ ਕਿਵੇਂ ਬੰਨ ਕੇ ਰੱਖੇਗੀ ਇਹ ਫਿਲਮ ਦੇਖਣ ਤੋਂ ਬਾਅਦ ਹੀ ਸਪੱਸਟ ਹੋਵੇਗਾ। 'ਲਹਿੰਬਰਗਿੰਨੀ' ਦੇ ਹੋਰ ਸਸਪੈਂਸ ਨੂੰ ਦੂਰ ਕਰਨ ਲਈ ਹੁਣ ਸਾਰੇ ਫਿਲਮ ਰਿਲੀਜ਼ ਦੀ ਉਡੀਕ ਕਰ ਰਹੇ ਹਨ।

ਰਣਜੀਤ ਬਾਵਾ ਅਤੇ ਮਾਹਿਰਾ ਸ਼ਰਮਾ ਦੀ ਮੁੱਖ ਭੂਮਿਕਾ ਵਾਲੀ ਇਸ ਫ਼ਿਲਮ ਵਿੱਚ ਸਰਬਜੀਤ ਚੀਮਾ, ਨਿਰਮਲ ਰਿਸ਼ੀ, ਕਿਮੀ ਵਰਮਾ, ਸ਼ਿਵਮ ਸ਼ਰਮਾ, ਗੁਰਤੇਗ ਸਿੰਘ, ਅਸ਼ੋਕ ਤਾਂਗੜੀ ਅਤੇ ਗੁਰੀ ਸੰਧੂ ਆਦਿ ਕਲਾਕਾਰਾਂ ਨੇ ਵੀ ਅਹਿਮ ਕਿਰਦਾਰ ਨਿਭਾਏ ਹਨ। ਫਿਲਮ ਦਾ ਨਿਰਮਾਣ ਜੱਸ ਧਾਮੀ, ਸ਼ਬੀਲ ਸ਼ਮਸ਼ੇਰ ਸਿੰਘ, ਸੁਖਮਨਪ੍ਰੀਤ ਸਿੰਘ, ਨਵੀਨ ਚੰਦਰ ਅਤੇ ਨੰਦਿਤਾ ਰਾਓ ਕਰਨਾਡ ਨੇ ਕੀਤਾ ਹੈ। ਫਿਲਮ ਕੈਮ ਅਤੇ ਪਰਮ (ਹੈਸ਼ਟੈਗ ਸਟੂਡੀਓਜ਼ ਯੂਕੇ) ਦੁਆਰਾ ਸਹਿ-ਨਿਰਮਾਣ ਕੀਤਾ ਗਿਆ ਹੈ। ਫਿਲਮ ਨੂੰ ਈਸ਼ਾਨ ਚੋਪੜਾ ਨੇ ਲਿਖਿਆ ਅਤੇ ਡਾਇਰੈਕਟ ਕੀਤਾ ਹੈ, ਡਾਇਲਾਗ ਉਪਿੰਦਰ ਵੜੈਚ ਨੇ ਲਿਖੇ ਹਨ। ਇਹ ਫ਼ਿਲਮ ਵ੍ਹਾਈਟ ਹਿੱਲ ਸਟੂਡੀਓਜ਼ ਵਲੋਂ 2 ਜੂਨ 2023 ਨੂੰ ਰਿਲੀਜ਼ ਹੋਵੇਗੀ।



















# ਕਾਸ਼ ਕਿਤੇ ਓਹ ਬੀਤੇ ਵੇਲੇ ਮੁੜ ਆਵਣ



ਸੰਗੀਤ ਦਾ ਸ਼ੌਕ ਤਾਂ ਮੈਨੂੰ ਬਚਪਨ ਤੋਂ ਹੀ ਸੀ ਪਾਕਿਸਤਾਨੀ ਪੰਜਾਬੀ ਰਿਕਾਰਡ ਤੇ ਕੈਸਟਾਂ ਇਕੱਠੀਆਂ ਕਰਨ ਵਿੱਚ ਬਹੁਤ ਰੁਚੀ ਸੀ

ਜਦੋਂ ਪਾਕਿਸਤਾਨੀ ਕੈਸਿਟਾਂ ਤੇ ਇਕ ਕੰਪਨੀ RGH ਦਾ ਨਾਮ ਪੜ੍ਹਦਾ ਤਾਂ ਇਕ ਜੁਗਿਆਸਾ ਪੈਦਾ ਹੁੰਦੀ। ਹੁਣ ਜਦੋਂ ਮੇਰੀ ਜਾਣ ਪਹਿਚਾਣ ਦਾ ਦਾਇਰਾ ਕੁੱਝ ਵਧਿਆ ਹੈ ਤਾਂ ਬਚਪਨ ਵਾਲੀਆਂ ਉਹਨਾਂ ਬੁਝਾਰਤਾਂ ਵਰਗੀਆਂ ਯਾਦਾਂ ਤੋਂ ਪਰਦਾ ਉੱਠਣ ਲੱਗਿਐ

RGH ਅਸਲ ਵਿੱਚ ਫੈਸਲਾਬਾਦ ਵਿੱਖੇ ਇਕ ਰਿਕਾਰਡਾਂ ਦੀ ਦੁਕਾਨ ਦਾ ਨਾਮ ਸੀ(ਰਹਿਮਤ ਗ੍ਰਮਾਫੋਨ ਹਾਊਸ) ਜੋ ਬਟਵਾਰੇ ਤੋਂ ਬਾਅਦ ਅੰਮ੍ਰਿਤਸਰ ਤੋਂ ਉਜੜ ਕੇ ਆਏ 'ਰਹਿਮਤ ਅਲੀ' ਨੇ ਖੋਲੀ ਸੀ, ਇਹ ਦੁਕਾਨ ਫੈਸਲਾਬਾਦ ਦੇ ਘੰਟਾ ਘਰ ਦੇ ਨਜ਼ਦੀਕ ਸੀ

ਹੌਲੀ ਹੌਲੀ ਦੁਕਾਨ ਦੇ ਪਿੱਛੇ ਰਹਿਮਤ ਅਲੀ ਨੇ ਆਪਣਾ ਸਟੂਡੀਓ ਬਣਾਇਆ, ਕਲਾਕਾਰ ਸਟੂਡੀਓ ਵਿੱਚ ਰਿਕਾਰਡ ਕਰਕੇ ਉਹਨਾਂ ਦੇ ਰਿਕਾਰਡ ਬਣਾਉਣੇ ਸ਼ੁਰੂ ਕਰ ਦਿੱਤੇ, ਰਿਕਾਰਡਾਂ ਦਾ ਯੁੱਗ ਬਦਲਿਆ ਤਾਂ ਕੈਸਿਟ ਯੁੱਗ ਸ਼ੁਰੂ ਹੋ ਗਿਆ

ਰਹਿਮਤ ਗ੍ਰਮਾਫੋਨ ਹਾਊਸ ਪਾਕਿਸਤਾਨ ਦੀ ਮਹਿਜ ਉਹ ਪਹਿਲੀ ਕੰਪਨੀ ਸੀ ਜਿਸਨੇ ਉਹਨਾਂ ਕਲਾਕਾਰ ਨੂੰ ਪਹਿਲੀ ਵਾਰ ਰਿਕਾਰਡਿੰਗ ਦਾ ਮੌਕਾ ਦਿੱਤਾ ਜੋ ਬਾਅਦ ਵਿੱਚ ਦੁਨੀਆਂ ਭਰ ਦੇ ਮਸ਼ਹੂਰ ਕਲਾਕਾਰ ਬਣੇ ਜਿਹਨਾਂ ਵਿੱਚ

ਨੁਸਰਤ ਫਤਿਹ ਅਲੀ ਖਾਨ
ਅਤਾਉਲਾ ਖਾਨ
ਮਨਸੂਰ ਮਲੰਗੀ
ਅੱਲਾ ਦਿੱਤਾ ਲੂਣੇ ਵਾਲਾ
ਅਜ਼ੀਜ਼ ਮੀਆਂ ਕਵਾਲ

ਨੁਸਰਤ ਫਤਿਹ ਅਲੀ ਖਾਨ ਨਾਲ ਚੌਧਰੀ ਰਹਿਮਤ ਦੇ ਬਹੁਤ ਗੂੜ੍ਹੇ ਸਬੰਧ ਸਨ, ਨੁਸਰਤ ਘੰਟਾ ਘੰਟਾ ਦੋ ਦੋ ਘੰਟੇ ਚੌਧਰੀ ਸਾਹਿਬ ਦੀ ਦੁਕਾਨ ਤੇ ਬੈਠਾ ਗੱਲਾਂ ਕਰਦਾ ਰਹਿੰਦਾ। ਚੌਧਰੀ ਰਹਿਮਤ ਦੇ ਬੇਟੇ ਮੀਆਂ ਮੁਹੰਮਦ ਅਸਦ ਨੇ ਨੁਸਰਤ ਲਈ ਇਕ ਸਪੈਸ਼ਲ ਸੋਫਾ ਬਣਵਾ ਕੇ ਰੱਖਿਆ ਹੋਇਆ ਸੀ ਜਿਸ ਤੇ ਭਾਰੇ ਸਰੀਰ ਹੋਣ ਕਾਰਨ ਨੁਸਰਤ ਸਾਹਿਬ ਆਰਾਮ ਨਾਲ ਬਹਿ ਸਕਦੇ ਸਨ

ਜਿੱਥੇ ਨੁਸਰਤ ਫਤਹਿ ਅਲੀ ਖਾਨ ਦੀ ਰਿਕਾਰਡਿੰਗ ਦਾ ਸਿਲਸਿਲਾ RGH ਨੇ ਸ਼ੁਰੂ ਕੀਤਾ ਉੱਥੇ ਨੁਸਰਤ ਸਾਹਿਬ ਦੀ ਸੋਲ੍ਹੋ ਗੀਤਾ ਦੀ ਐਲਬਮ "ਚਰਖੇ ਦੀ ਘੂਕ" ਵੀ ਰਹਿਮਤ ਸਾਹਿਬ ਨੇ ਹੀ ਕੀਤੀ ਜਿਸਦਾ ਕਿਸੇ ਕਿਸੇ ਹੋਰ ਪੋਸਟ ਵਿੱਚ ਲਿਖਾਂਗਾ

ਜਦੋਂ ਨੁਸਰਤ ਫਤਿਹ ਅਲੀ ਦੀ ਬਹੁਤ ਜ਼ਿਆਦਾ ਚੜ੍ਹਾਈ ਹੋ ਗਈ ਤਾਂ ਚੌਧਰੀ ਰਹਿਮਤ ਤੈ ਉਸਦਾ ਬੇਟਾ ਨੁਸਰਤ ਨੂੰ ਮਿਲਣ ਗਏ ਅੱਗੇ ਨੁਸਰਤ ਕੋਲ ਇੰਗਲੈਂਡ ਦੇ ਕੁੱਝ ਬੰਦੇ ਆਏ ਹੋਏ ਸਨ ਉਹਨਾਂ ਦੀ ਮੀਟਿੰਗ ਚੱਲ ਰਹੀ ਸੀ, ਨੁਸਰਤ ਦੇ ਸੈਕਟਰੀ ਨੇ ਰਹਿਮਤ ਹੋਰਾਂ ਨੂੰ ਵੇਟਿੰਗ ਰੂਮ ਵਿੱਚ ਇੰਤਜ਼ਾਰ ਕਰਨ ਲਈ ਕਿਹਾ, ਅੱਧੇ ਘੰਟੇ ਬਾਅਦ ਜਦ ਨੁਸਰਤ ਫਤਿਹ ਅਲੀ ਨੂੰ ਪਤਾ ਲੱਗਾ ਉਹ ਨੰਗੇ ਪੈਰੀਂ ਵੇਟਿੰਗ ਰੂਮ ਚ ਆਏ ਤੇ ਸੈਕਟਰੀ ਦੇ ਗਲ ਪੈ ਗਏ " ਤੂੰ ਜਾਣਦਾ ਨਹੀਂ ਇਹ ਕੌਣ ਨੇ, ਇਹ ਉਹ ਨੇ ਜਿਹਨਾਂ ਨੂੰ ਨੁਸਰਤ ਦਾ ਨਾਮ ਦੁਨੀਆਂ ਤੱਕ ਪੁੱਜਦਾ ਕੀਤੈ।

ਸਨ 2000 ਦੇ ਕਰੀਬ ਚੌਧਰੀ ਰਹਿਮਤ ਨੂੰ ਇਲਮ ਹੋ ਗਿਆ ਸੀ ਕਿ ਇਹ ਖੇਤਰ ਹੁਣ ਘਾਟੇ ਵਾਲਾ ਐ 2005 ਵਿਚ ਚੌਧਰੀ ਸਾਹਿਬ ਅਲਾ ਦੀ ਗੋਦ ਵਿਚ ਜਾ ਬਿਰਾਜੇ

ਉਹਨਾਂ ਤੋਂ ਬਾਅਦ ਉਹਨਾਂ ਦੇ ਬੇਟੇ ਮੁਹੰਮਦ ਅਸਦ ਨੇ ਇਹ ਕਾਰੋਬਾਰ ਸੰਭਾਲਿਆ, ਅਸਦ ਦਸਦੈ ਕਿ ਇਕ ਵਾਰ ਇੰਡੀਆ ਤੋਂ ਕਿਸੇ ਸਖਸ਼ ਦਾ ਫੋਨ ਆਇਆ ਕਿ ਲਤਾ ਮੰਗੇਸ਼ਕਰ ਜੀ ਗੱਲ ਕਰਨਗੇ ਜਦੋਂ ਲਤਾ ਜੀ ਨੇ ਹੈਲੋ ਆਖੀ ਤਾਂ ਮੇਰੇ ਲਈ ਜ਼ਿੰਦਗੀ ਦਾ ਸਭ ਤੋਂ ਵੱਡਾ ਦਿਨ ਸੀ

2012 ਵਿੱਚ ਚੜ੍ਹਦੇ ਪੰਜਾਬ ਤੋਂ ਸੂਫੀ ਗਾਇਕ ਹੰਸ ਰਾਜ ਹੰਸ ਰਹਿਮਤ ਗ੍ਰਮਾਫੋਨ ਹਾਊਸ ਤੇ ਗਏ ਤਾਂ ਜੁੱਤੇ ਬਾਹਰ ਉਤਾਰ ਕੇ ਅੰਦਰ ਵੜੇ, ਆਉਂਦੇ ਹੋਏ ਇਕ ਹਜ਼ਾਰ ਰੁਪਿਆ ਨਿਆਜ਼ ਲਈ ਦੇ ਕੇ ਆਏ

2015 'ਚ ਇਹ ਦੁਕਾਨ ਤੋਂ ਇਹ ਕਾਰੋਬਾਰ ਬੰਦ ਕਰ ਦਿੱਤਾ ਗਿਆ ਮੈਨੂੰ ਉਸ ਵੇਲੇ ਡਾਹਢਾ ਸਦਮਾ ਲੱਗਾ ਜਦੋਂ ਪਤਾ ਲੱਗਾ ਕਿ ਅੱਜਕੱਲ੍ਹ ਇੱਥੇ ਟੈਕਸਟਾਈਲ ਤੇ ਰੇਡੀਮੇਡ ਕੱਪੜਿਆਂ ਦਾ ਕਾਰੋਬਾਰ ਹੈ। ਪਾਕਿਸਤਾਨ ਵਿੱਚ ਖੁਲ੍ਹਣ ਵਾਲੀ ਇਹ ਸਭ ਤੋਂ ਪਹਿਲਾਂ ਕੰਪਨੀ ਸੀ ਤੇ ਬੰਦ ਹੋਣ ਵਾਲੀ ਆਖਰੀ

ਮੈਂ ਇਸ ਕੰਪਨੀ ਬਾਰੇ, ਚੌਧਰੀ ਰਹਿਮਤ ਅਲੀ ਬਾਰੇ, ਇਸ ਸਟੂਡੀਓ ਨਾਲ ਜੁੜੀਆਂ ਨੁਸਰਤ ਸਾਹਿਬ ਦੀਆਂ ਯਾਦਾਂ ਬਾਰੇ ਹੋਰ ਵੀ ਜਾਣਕਾਰੀ ਸਾਂਝੀ ਕਰਦਾ ਰਹਾਂਗਾ

ਇਸੇ ਤਰ੍ਹਾਂ ਹੀ ਮੇਰੀਆਂ ਕੁੱਝ ਨਿੱਜੀ



ਯਾਦਾਂ ਨਿਊ ਗ੍ਰਾਮੋਫੋਨ ਹਾਊਸ ਚਾਂਦਨੀ ਚੌਂਕ ਦਿਲੀ ਅਤੇ ਓਰੀਐਂਟਲ ਸਟਾਰ ਏਜੰਸੀਜ ਬਰਮਿੰਘਮ (ਇੰਗਲੈਂਡ) ਨਾਲ ਵੀ ਜੁੜੀਆਂ ਹੋਈਆਂ ਹਨ ਜਿਹਨਾਂ ਬਾਰੇ ਵੱਖਰੀਆਂ ਪੋਸਟਾਂ ਲਿਖਾਂਗਾ

ਇਹ ਤਸਵੀਰ ਐ ਚੌਧਰੀ ਰਹਿਮਤ ਅਲੀ ਜੀ ਦੀ

ਹੁਜਰੇ ਸ਼ਾਹ ਮੁਕੀਮ ਦੇ
ਇਕ ਜੱਟੀ ਅਰਜ਼ ਕਰੇ
ਮੈਂ ਬੱਕਰਾ ਦੇਨੀਆਂ ਪੀਰ ਦਾ
ਜੇ ਸਿਰ ਦਾ ਸਾਈਂ ਮਰੇ
ਲੋਕੋ ਪੰਜ ਸੱਤ ਮਰਨ ਗੁਆਂਢਣਾਂ
ਤੇ ਰਹਿੰਦੀਆਂ ਨੂੰ ਤਾਪ ਚੜੇ
ਕੁੱਤੀ ਮਰੇ ਫ਼ਕੀਰ ਦੀ
ਜਿਹੜੀ ਚਊਂ ਚਊਂ ਨਿੱਤ ਕਰੇ
ਹੱਟੀ ਢਵੇ ਕਰਾੜ ਦੀ
ਜਿੱਥੇ ਦੀਵਾ ਨਿੱਤ ਬਲੇ
ਗਲੀਆਂ ਹੋ ਜਾਣ ਸੁੰਨੀਆਂ
ਵਿੱਚ ਮਿਰਜ਼ਾ ਯਾਰ ਫਿਰੇ

ਉਪਰੋਕਤ ਸਤਰਾਂ ਪੰਜਾਬੀਆਂ ਦੇ ਦਿਲਾਂ ਵਿੱਚ ਐਸੀਆਂ ਵਸੀਆਂ ਹੋਈਆਂ ਹਨ ਕਿ ਇਹਨਾਂ ਨੂੰ ਸਟੇਜ਼ ਤੇ ਗਾਉਣਾ ਪੰਜਾਬ ਦੇ ਹਰ ਗਮੰਤਰੀ ਦੀ ਮਜਬੂਰੀ ਐ। ਅਨੇਕਾਂ ਗਾਇਕਾਂ ਨੇ ਇਹਨਾਂ ਸਤਰਾਂ ਨੂੰ ਰਿਕਾਰਡ ਵੀ ਕਰਵਾਇਆ ਹੋਇਆ ਹੈ

ਹਾਫ਼ਿਜ਼ ਬਰਖ਼ੁਰਦਾਰ ਦੀਆਂ ਇਹ ਸਤਰਾਂ ਪ੍ਰੇਮੀ ਮਿਲਾਪ ਲਈ ਤੜਪ ਦੀ ਇੰਤਹਾ ਹੀ ਹਨ। ਪ੍ਰੇਮਿਕਾ ਆਪਣੇ ਪ੍ਰੇਮੀ ਨੂੰ ਅੱਖਾਂ ਸਾਹਮਣੇ ਤੱਕਣਾ ਚਾਹੁੰਦੀ, ਜਿਸਨੂੰ ਜੱਗ ਜਹਾਨ ਦੀ ਕੋਈ ਪ੍ਰਵਾਹ ਨਹੀਂ।

ਇਹਨਾਂ ਸਤਰਾਂ ਵਿੱਚ ਸਭ ਤੋਂ ਪਹਿਲਾ ਲਫ਼ਜ਼ 'ਹੁਜਰਾ'

ਹੁਜਰਾ - ਮੂਲ ਰੂਪ ਵਿਚ ਅਰਬੀ ਭਾਸ਼ਾ ਦਾ ਲਫ਼ਜ਼ ਐ ਜਿਸਦਾ ਅਰਥ ਐ ਲੋਕਾਂ ਲਈ ਰਲ ਮਿਲ ਬੈਠਣ ਦਾ ਵੱਡਾ ਕਮਰਾ ਜਾਂ ਇਬਾਦਤਗਾਹ ਦੇ ਨਾਲ ਵਾਲਾ ਕਮਰਾ

ਹੁਜਰਾ ਲਫ਼ਜ਼ ਵੱਖ ਵੱਖ ਗੀਤਕਾਰਾਂ ਨੇ ਆਪਣੇ ਆਪਣੇ ਗੀਤਾਂ ਵਿੱਚ ਆਪੋ ਆਪਣੇ ਮੁਤਾਬਕ ਵਰਤਿਆ ਐ ਪਾਕਿਸਤਾਨ ਦਾ ਸ਼ਾਇਰ "ਮਲਕੂ" ਲਿਖਦਾ ਐ

ਆਪਣਾ ਗਰਾਂ ਹੋਵੇ, ਤੂਤਾਂ ਦੀ ਛਾਂ ਹੋਵੇ
ਕਾਠ ਦੀ ਮੰਜੀ ਹੋਵੇ, ਸਿਰ ਥੱਲੇ ਬਾਂਹ ਹੋਵੇ
ਹੱਥ ਤੇ ਬਟੇਰਾ ਰੱਖਾਂ, ਹੁਜਰੇ ਤੇ ਡੇਰਾ ਰੱਖਾਂ
ਬੂਹੇ ਤੇਰੇ ਤੇ ਆਵਾਂ ਨਿੱਕੀ ਜਿਹੀ ਹਾਂ ਹੋਵੇ
ਆਪਣਾ ਗਰਾਂ ਹੋਵੇ.....................

ਦੂਸਰਾ - ਸ਼ਾਹ ਮੁਕੀਮ,,, ਸ਼ਾਹ ਮੁਕੀਮ ਮੁਸਲਿਮ ਸੰਤ ਐ ਜੋ ਇਸਲਾਮ ਪ੍ਰਚਾਰਕ ਸੀ। ਇਸ ਹੁਜਰੇ ਤੇ ਬਹੁਤ ਇਸਲਾਮ ਪ੍ਰਚਾਰਕ ਸਮੇਂ ਸਮੇਂ ਤੇ ਆਉਂਦੇ ਰਹੇ

ਸ਼ਾਹ ਮੁਕੀਮ ਦਾ ਹੁਜਰਾ ਅੱਜ ਵੀ ਪਾਕਿਸਤਾਨ ਦੇ ਓਕਾੜਾ ਜਿਲ੍ਹੇ ਦੀ ਦੀਪਾਲਪੁਰ ਤਹਿਸੀਲ ਵਿੱਚ ਮੌਜੂਦ ਹੈ। ਜਿੱਥੇ ਇਸਲਾਮ ਧਰਮ ਨੂੰ ਮੰਨਣ ਵਾਲੇ ਲੋਕ ਸੁਖਣਾਂ ਸੁੱਖਣ ਆਉਂਦੇ ਹਨ। ਉਹਨਾਂ ਮੁਤਾਬਕ ਇੱਥੇ ਉਹਨਾਂ ਦੀਆਂ ਸੁੱਖਣਾ ਪੂਰੀਆਂ ਹੁੰਦੀਆਂ ਹਨ।

ਇਹਨਾਂ ਸਤਰਾਂ ਰਾਹੀਂ ਕਵੀ ਨੇ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਐ ਕਿ 'ਸਾਹਿਬਾਂ' ਸ਼ਾਹ ਮੁਕੀਮ ਤੇ ਹੁਜਰੇ ਤੇ ਜਾ ਕੇ ਮੰਨਤ ਮੰਗਦੀ ਐ ਕਿ ਭਾਵੇਂ ਸਾਰਾ ਜੱਗ ਉੱਜੜ ਜਾਵੇ ਪਰ ਉਸਦਾ ਪ੍ਰੇਮੀ 'ਮਿਰਜ਼ਾ' ਉਸਦੇ ਸਾਹਮਣੇ ਹੋਵੇ

---

## facebook — ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਮੈਂ ਕੱਸੀ ਵਾਲਾ ਨਲਕਾ ਬੋਲਦਾ ਹਾਂ...



ਮੈਂ ਅੱਜ ਜਿਸ ਪੱਕੇ ਖਾਲ ਦੀ ਨੁੱਕਰ 'ਤੇ ਖੜਾ ਹਾਂ, ਇਹ ਕਿਸੇ ਵੇਲੇ ਨਹਿਰੀ ਕੱਸੀ ਹੁੰਦੀ ਸੀ , ਜਿਸ ਕਰਕੇ ਮੇਰਾ ਨਾਮ ' ਕੱਸੀ ਵਾਲਾ ਨਲਕਾ ' ਪਿਆ ਹੋਇਆ ਹੈ ਜੋ ਅੱਜ ਵੀ ਪ੍ਰਚਲਿਤ ਹੈ । ਮੇਰੀ ਉਮਰ ਪੌਣੀ ਸਦੀ ਦੇ ਕਰੀਬ ਹੈ ਅਤੇ ਵੀਹ - ਬਾਈ ਸਾਲਾਂ ਤੋਂ ਨਿਰਜਿੰਦ ਲਾਸ਼ ਵਾਂਗੂੰ ਖੜ੍ਹਾ ਹਾਂ । ਪਾਣੀ ਮੇਰੀਆਂ ਜੜਾਂ ਤੋਂ ਕਾਫੀ ਦੂਰ ਜਾ ਚੁੱਕਾ ਹੈ ।

ਮੈਂ ਇੱਥੇ ਉਦੋਂ ਤੋਂ ਖੜ੍ਹਾ ਹਾਂ ਜਿਸ ਵੇਲੇ ਇਹ ਕੱਸੀ ਰੂੜਕੇ ਕਲਾਂ ਦੀ ਹੱਦ ਤੋਂ ਸ਼ੁਰੂ ਹੋਕੇ, ਪੱਖੋ ਦੀਆਂ ਨਿਆਈਆਂ ਵਿੱਚ ਦੀ ਹੁੰਦੀ ਹੋਈ ਰੂੜਕੇ ਖੁਰਦ ਦੀਆਂ ਜਮੀਨਾਂ ਤੱਕ ਜਾਂਦੀ ਸੀ । ਪਹਿਲਾਂ ਇੰਜਣ ਆਏ ਫਿਰ ਮੋਟਰਾਂ ਆਈਆਂ ਜਿਸ ਕਰਕੇ ਮੇਰੀ ਕਦਰ ਵੀ ਘਟ ਗਈ ਅਤੇ ਨਹਿਰੀ ਕੱਸੀ ਦੀ ਵੀ । ਰੂੜਕੇ ਖੁਰਦ ਤੱਕ ਜਾਣ ਵਾਲੀ ਕੱਸੀ ਹੁਣ ਪੱਖੋ ਦੀਆਂ ਨਿਆਈਆਂ ਤੋਂ ਵੀ ਪਿੱਛੇ ਰਹਿ ਗਈ ਹੈ । ਨਿਆਈਆਂ ਵਿੱਚ ਕੱਸੀ ਦੀ ਥਾਂ ਵਿੱਚ ਲੋਕਾਂ ਨੇ ਕੋਠੀਆਂ ਵੀ ਛੱਤ ਲਈਆਂ ਨੇ ।

ਮੈਂ ਉਦੋਂ ਤੋਂ ਇੱਥੇ ਖੜਾ ਹਾਂ ਜਦ ਬਾੜੀਆਂ ਵਾਲੇ ਖੇਤਾਂ ਨੂੰ ਰਾਹ ਵੱਡੇ ਲਾਣੇ ਵਾਲੇ ਭਾਗ ਕੇ ਦਰਵਾਜਿਆਂ ਕੋਲ ਦੀ ਸਿੱਧਾ ਕਿੱਲੇ ਵੱਢ ਲੰਘਦਾ ਸੀ । ਫਿਰ ਜਦ ਬਾਬੇ ਨਰੈਣ ਦੀ ਸਰਪੰਚੀ ਵੇਲੇ ਮੁਰੱਬੇਬੰਦੀ ਹੋਈ ਤਾਂ ਉਸ ਨੇ ਆਪਣੇ ਖੇਤਾਂ ਨੂੰ ਜਾਂਦਾ ਰਾਹ ਪੱਥਰ ਵੱਟ ਉਤੋਂ ਦੀ ਕਰਵਾ ਲਿਆ । ਹਾਲੇ ਪੰਜ ਸੱਤ ਸਾਲ ਪਹਿਲਾਂ ਹੀ ਪੱਕਾ ਖਾਲ ਬਣਨ ਵੇਲੇ ਰਾਈਆਂ ਦੇ ਮੱਥਿਓਂ ਖੇਤਾਂ ਵਾਲੇ ਆਂਢੀਆਂ ਗਵਾਂਢੀਆਂ ਅਤੇ ਉਸ ਦੇ ਪੋਤਰੇ ਮੱਲ ਹੋਰਾਂ ਨੇ ਲਹੌਰੀ ਇਟਾਂ ਦਾ ਪੁਲ ਪੁੱਟ ਕੇ ਸੁੱਟਿਆ ਹੈ । ਮੁਰੱਬੇਬੰਦੀ ਵੇਲੇ ਕਿੱਲਾ ਵਾਹੀ ਪੁਲ ਚੜ੍ਹਦੇ ਵੱਲ ਨੂੰ ਰਿਸਕ ਗਿਆ ਅਤੇ ਉਸ ਤੋਂ ਬਾਅਦ ਮੇਰਾ ਟਿਕਾਣਾ ਰਫੂਜੀਆਂ ਵਾਲੇ ਪਿੱਪਲ ਥੱਲੇ ਕਈ ਸਾਲ ਰਿਹਾ ।

ਨਹਿਰੀ ਕੱਸੀ ਦੇ ਕਿਨਾਰੇ ਉੱਤੇ ਹੋਣ ਕਰਕੇ ਮੇਰਾ ਪਾਣੀ ਮਿੱਠਾ ਅਤੇ ਬੇਹੱਦ ਸਵਾਦ ਹੁੰਦਾ ਸੀ । ਮੇਰੀ ਦੂਰ ਦੂਰ ਤੱਕ ਚੜ੍ਹਾਈ ਹੁੰਦੀ ਸੀ । ਜੇਕਰ ਮੈਂ ਅੱਜ ਵੀ ਜਿਉਂਦਾ ਹੁੰਦਾ ਤਾਂ ਮੇਰੇ ਪਾਣੀ ਦੀ ਮਿਠਾਸ ਦੇ ਚਰਚੇ ਸੁਣ ਕੇ ਆਹ ਥੋੜੇ ਆਰ.ਓ. ਨੇ ਤਾਂ ਸਰਮ ਨਾਲ ਹੀ ਕਿਤੇ ਡੁੱਬ ਕੇ ਮਰ ਜਾਣਾ ਸੀ । ਮੇਰੇ ਕੋਲ ਦੂਰ ਦਾ ਚੱਲਿਆ ਹਰ ਹਾਲੀ ਪਾਲੀ ਆ ਕੇ ਰੁਕਦਾ ਸੀ । ਪਹਿਲਾਂ ਉਹ ਉਹ ਆਪ ਰੱਜਵਾਂ ਪਾਣੀ ਪੀ ਕੇ ਆਪਣੀ ਪਿਆਸ ਬੁਝਾਉਂਦਾਂ ਫਿਰ ਆਪਣੇ ਬਲਦ ਵੱਛਿਆਂ ਨੂੰ ਰਜਾਉਂਦਾ । ਹਾੜ੍ਹੀ ਦੀਆਂ ਵਾਢੀਆਂ ਅਤੇ

> ਹੁਣ ਵਾਲੇ ਨਵੇਂ ਮੁੰਡਿਆਂ ਨੂੰ ਕੀ ਪਤਾ ਕਿ ਥੋਡੇ ਬਜੁਰਗਾਂ ਨਾਲ ਮੇਰੀ ਕਿਨੀ ਗੂੜੀ ਸਾਂਝ ਹੁੰਦੀ ਸੀ , ਉਹ ਤਾਂ ਮੋਟਰ ਸਾਈਕਲਾਂ ਤੇ ਧੂੜ ਉਡਾਉਂਦੇ ਫੁਰਰ ਕਰਕੇ ਕੋਲ ਦੀ ਲੰਘ ਜਾਂਦੇ ਨੇ । ਧੂੜ ਦੇ ਝਾਉਲੇ ਚੋ ਕਦੇ ਜਦ ਨਜ਼ਰ ਪੈਂਦੇ ਉਨਾਂ ਦੇ ਮੋਟਰਸਾਈਕਲਾਂ ਤੇ ਟੰਗੇ ਕੈਂਪਰ ਮੇਰਾ ਮੂੰਹ ਚਿੜਾਉਂਦੇ ਹਨ ਤਾਂ ਮੇਰਾ ਗੱਚ ਭਰ ਆਉਂਦਾ ਹੈ । ਇਹ ਸਭ ਵੇਖ ਕੇ ਮੈਂ ਕੁੱਝ ਬੋਲ ਤਾਂ ਨਹੀਂ ਸਕਦਾ ਪਰ ਉਦਾਸ ਜਰੂਰ ਹੁੰਦਾ ਹਾਂ ।

ਨਰਮਾ ਗੋਡੀ ਦੇ ਦਿਨਾਂ ਵਿੱਚ ਘੜੇ ਭਰਨ ਵਾਲਿਆਂ ਦੀਆਂ ਲਾਈਨਾਂ ਮੇਰੇ ਅੱਗੇ ਲੱਗੀਆਂ ਰਹਿੰਦੀਆਂ ਸਨ । ਹਾਲੀਆਂ ਦਾ ਭੱਤਾ ਲੈ ਕੇ ਆਈਆਂ ਮੁਟਿਆਰਾਂ ਵੀ ਇੱਥੇ ਪਾਣੀ ਪੀਣ ਬਹਾਨੇ ਪਿੱਪਲ ਦੀ ਛਾਂਵੇ ਦੋ ਘੜੀ ਦਮ ਭਰ ਜਾਂਦੀਆਂ ਸਨ। ਮੱਝਾਂ ਵਾਲੇ ਪਾਲੀ ਅਤੇ ਬੱਕਰੀਆਂ ਵਾਲੇ ਆਜੜੀ ਵੀ ਦਿਨ ਚ ਕਈ ਕਈ ਵਾਰ ਗੇੜੇ ਦੇ ਕੇ ਆਪਣੇ ਤੇਹ ਮਿਟਾਉਣ ਆਉਂਦੇ ਹੁੰਦੇ ਸਨ । ਕੱਖ ਖੋਤਣ ਵਾਲੀਆਂ ਬੁੜੀਆਂ ਵੀ ਆਪਣੀਆਂ ਪੰਡਾਂ ਪਿੱਪਲ ਛਾਂਵੇ ਸੁੱਟ ਕੇ ਦਮ ਲੈ ਲੈਂਦੀਆਂ, ਨਾਲੇ ਮੈਨੂੰ ਗੇੜ ਕੇ ਬੁੱਕ ਦੀ ਓਕ ਨਾਲ ਆਪਣੀ ਪਿਆਸ ਬੁਝਾ ਲੈਂਦੀਆਂ ਸਨ। ਇਕੱਠੇ ਹੋਏ ਲੋਕ ਕੱਸੀ ਸੰਵਾਰਨ ਵੇਲੇ ਵੀ ਦੁਪਹਿਰ ਦਾ ਪੜਾਅ ਵੀ ਆਕੇ ਮੇਰੇ ਕੋਲ ਹੀ ਕਰਦੇ ਹੁੰਦੇ ਸਨ ।

ਫਿਰ ਮੇਰਾ ਸਥਾਨ ਬਦਲ ਦਿੱਤਾ ਗਿਆ । ਚਾਰ ਕੁ ਕਰਮਾਂ ਪਰ੍ਹਾਂ ਨੰਦ ਸਿਓਂ ਕਿਆਂ ਨੇ ਆਪਣੀ ਮਟੀ ਵਾਲੀ ਬੇਰੀ ਵੇਚ ਕੇ ਮੇਰਾ ਸਾਰਾ ਸਮਾਨ ਨਵਾਂ ਪਵਾ ਦਿੱਤਾ ਅਤੇ ਮੈਨੂੰ ਉਸ ਬੇਰੀ ਵਾਲੀ ਜਗਾ ਲਾਗੇ ਲਗਾ ਦਿੱਤਾ । ਫਿਰ ਮੈਂ ਕਈ ਵਾਰ ਖਰਾਬ ਵੀ ਹੋਇਆ ਤਾਂ ਆਸ ਪਾਸ ਦੇ ਖੇਤਾਂ ਵਾਲਿਆਂ ਨੇ ਪੈਸੇ ਇਕੱਠੇ ਕਰਕੇ ਮੈਨੂੰ ਠੀਕ ਕਰਵਾਇਆ । ਆਂਢੀ ਗਵਾਂਢੀ ਮੇਰਾ ਪਾਣੀ ਖੇਤ ਤਾਂ ਪੀਂਦੇ ਹੀ ਸਨ ਅਤੇ ਢੋਲੀਆਂ ਭਰਕੇ ਘਰਾਂ ਨੂੰ ਵੀ ਲਿਜਾਂਦੇ ਹੁੰਦੇ ਸਨ ।

ਫਿਰ ਹੌਲੀ ਹੌਲੀ ਪਾਣੀ ਮੇਰੀਆਂ ਜੜਾਂ ਤੋਂ ਦੂਰ ਹੁੰਦਾ ਗਿਆ ਤੇ ਮੇਰੀ ਬੇਵਾਹ ਹੋ ਗਈ । ਅੱਗੇ ਕਈ ਕਈ ਕਿੱਲਿਆਂ ਤੋਂ ਨੱਕ ਦੀ ਸੇਧ ਵਾਹਣੋ ਵਾਹਣੀ ਮੇਰੇ ਵੱਲ ਤੁਰੇ ਆਉਂਦੇ ਲੋਕ ਹੁਣ ਰਾਹ ਲੰਘਦਿਆਂ ਵੀ ਮੇਰੇ ਵੱਲ ਬਗੈਰ ਝਾਕਿਆਂ ਲੰਘ ਜਾਂਦੇ ਹਨ । ਹੁਣ ਨਾ ਹੀ ਕੋਈ ਰਾਹੀ ਪੈਦਲ ਤੁਰ ਕੇ ਲੰਘਦਾ ਹੈ ਕਿ ਉਸ ਨੂੰ ਰਸਤੇ ਚ ਪਿਆਸ ਲੱਗੇਗੀ ਜਾਂ ਦਮ ਭਰੇਗਾ । ਹੁਣ ਵਾਲੇ ਨਵੇਂ ਮੁੰਡਿਆਂ ਨੂੰ ਕੀ ਪਤਾ ਕਿ ਥੋਡੇ ਬਜੁਰਗਾਂ ਨਾਲ ਮੇਰੀ ਕਿਨ੍ਹੀ ਗੂੜੀ ਸਾਂਝ ਹੁੰਦੀ ਸੀ , ਉਹ ਤਾਂ ਮੋਟਰ ਸਾਈਕਲਾਂ ਤੇ ਧੂੜ ਉਡਾਉਂਦੇ ਫੁਰਰ ਕਰਕੇ ਕੋਲ ਦੀ ਲੰਘ ਜਾਂਦੇ ਨੇ । ਧੂੜ ਦੇ ਝਾਉਲੇ ਚੋ ਕਦੇ ਜਦ ਨਜ਼ਰ ਪੈਂਦੇ ਉਨਾਂ ਦੇ ਮੋਟਰਸਾਈਕਲਾਂ ਤੇ ਟੰਗੇ ਕੈਂਪਰ ਮੇਰਾ ਮੂੰਹ ਚਿੜਾਉਂਦੇ ਹਨ ਤਾਂ ਮੇਰਾ ਗੱਚ ਭਰ ਆਉਂਦਾ ਹੈ । ਇਹ ਸਭ ਵੇਖ ਕੇ ਮੈਂ ਕੁੱਝ ਬੋਲ ਤਾਂ ਨਹੀਂ ਸਕਦਾ ਪਰ ਉਦਾਸ ਜਰੂਰ ਹੁੰਦਾ ਹਾਂ ।

ਸੱਚ ਪੁੱਛੋਂ ! ਹੁਣ ਤਾਂ ਮੈਂ ਚਿੱਟਾ ਪੀਣ ਵਾਲੇ ਅਮਲੀਆ ਦੇ ਰਹਿਮੋ ਕਰਮ ਤੇ ਹੀ ਖੜਾ ਹਾਂ ਜਾਂ ਤਾਂ ਉਨਾਂ ਦੀ ਇੱਧਰ ਨਿਗਾ ਹੀ ਨੀ ਗਈ ਜਾਂ ਫਿਰ ਫਹੁ ਨੀ ਪਿਆ ।

ਮੁਖਤਿਆਰ ਸਿੰਘ
ਪੱਖੋ ਕਲਾਂ
+91869 9594 800



# ਮਾਂਵਾ ਨਾਲ ਜੱਗ ਵਸਦਾ



ਖੂਬਸੂਰਤ ਦੁਨੀਆਂ ਦਾ ਮੁੱਢ ਰਿਸਤਿਆਂ ਨਾਲ ਬੱਝਦਾ ਹੈ ਜੋ ਤਾਅ ਉਮਰ ਦੁੱਖ-ਸੁੱਖ ਵਿੱਚ ਸਹਾਈ ਹੁੰਦੇ ਹਨ । ਜੱਗ ਜਨਣੀ ਔਰਤ ਤੋ ਬਿਨਾਂ ਸੰਸਾਰ ਦੀ ਕਲਪਨਾ ਵੀ ਸੰਭਵ ਨਹੀਂ । ਮਾਂ ਦਾ ਦਰਜਾ ਸਭ ਤੋ ਉਪਰ ਹੈ। ਜਿਸ ਸਦਕੇ ਸਭ ਰੰਗਲੀ ਦੁਨੀਆਂ ਦੀਆਂ ਅਸੀਮ ਖੁਸੀਆਂ ਮਾਣਦੇ ਹਨ . ਇਸ ਰਿਸਤੇ ਨੂੰ ਸਭ ਧਰਮਾਂ ਨੇ ਪਾਕ ਪਵਿੱਤਰ ਦਰਜਾ ਦਿੱਤਾ ਹੈ । ਬੱਚੇ ਪ੍ਰਤੀ ਮਾਂ ਦੇ ਪਿਆਰ ਦੀ ਪਾਕੀਜਗੀ ਲਈ ਇਹ ਕਿਹਣਾ ਅਤਿਕਥਨੀ ਨਹੀ ਕਿ ਜੇ ਮਾਂ ਦੇ ਹੱਥ ਆਪਣੇ ਬੱਚੇ ਤਕਦੀਰ ਲਿਖਣ ਵਾਲੀ ਕਲਮ ਹੋਵੇ ਤਾਂ ਉਹ ਆਪਣੇ ਬੱਚੇ ਲਈ ਸਿਰਫ ਸੁੱਖ ਹੀ ਲਿਖਦੀ । ਸਭ ਰਿਸਤਿਆਂ ਦਾ ਤਾਣਾ ਅਤੇ ਜੀਵਨ ਪੰਧ ਮਾਂ ਦੀ ਗੋਦ ਤੋ ਹੀ ਸੁਰੂ ਹੁੰਦਾ ਹੈ।

ਮਾਂ ਬੱਚੇ ਦੀ ਮੱਢਲੀ ਸੰਸਥਾ ਤੋ ਘੱਟ ਨਹੀ । ਜੋ ਬਹੁਤ ਕੁਝ ਅਨਭੋਲ ਸਮੇ ਵਿਚ ਹੀ ਸਿੱਖਾ ਦਿੰਦੀ ਹੈ । ਮਾਂ ਦੀ ਜਿੰਦਗੀ ਨੂੰ ਬਚਪਨ ਦੇ ਪਲ ਖੁਸ਼ੀਆ ਨਾਲ ਲਬਰੇਜ ਕਰ ਦਿੰਦੇ ਹਨ । ਬੱਚੇ ਨੂੰ ਸੰਸਕਾਰ ਤੇ ਸਮਜਿਕ ਸਲੀਕਾ ਵੀ ਮਾਂ ਹੀ ਸਿਖਾਉਦੀ ਹੈ । ਉਸ ਦਾ ਪਿਆਰ ,ਨਿਮਰਤਾ ਤੇ ਦੇਖਭਾਲ ਰਿਸਤੇ ਨੂੰ ਹੋਰ ਗੂੜਾ ਬਣਾਉਦੇ ਹਨ । ਜੋ ਕੇਵਲ ਖਾਣ ਪੀਣ ਜਾ ਸਿਹਤ ਤੱਕ ਹੀ ਸੀਮਤ ਨਹੀ । ਸ਼ਗੋ ਆਪਣੇ ਘੇਰੇ ਤੋ ਅੱਗੇ ਵਧ ਹਰ ਸੁੱਖ ਸੁਵਿਧਾ ਲਈ ਉਪਰਾਲੇ ਕਰਦੀ ਹੈ ਤਾ ਜੋ ਸੰਤਾਨ ਦਾ ਭਵਿੱਖ ਉਜਵਲ ਹੀ ਹੋਵੇ । ਮਮਤਾਮਈ ਮੋਹ ਵੀ ਬੱਚੇ ਦੇ ਅਹਿਸਾਸ ਸਮਝਣ ਲਈ ਸਹਾਈ ਹੁੰਦੇ ਹਨ । ਜੋ ਬਿਨ ਬੋਲਿਆ ਉਸਦੀ ਭੁੱਖ,ਨੀਦ, ਖੁਸ਼ੀ,ਨਿਰਾਜਗੀ ਤੇ ਮਸਤੀ ਬੁਝ ਲੈਦੀ ਹੈ । ਬਪਚਨ ਦੇ ਲਾਡ ਤੇ ਜਿਦ ਦੀ ਪੂਰਤੀ ਮਾਂਵਾ ਬਿਨਾ ਸੰਭਵ ਨਹੀ । ਕੋਰੋਨਾ ਸੰਕਟ ਵਿੱਚ ਪਰਵਾਸੀ ਮਾਂਵਾ ਵਲੋ ਲੰਮੇ,ਦੁਖਦਈ,ਤੇ ਭੁੱਖਮਰੀ ਦੇ ਦੌਰ ਵਿੱਚ ਬੱਚਿਆ ਪ੍ਰਤੀ ਸਮਰਪਤੀ ਵੱਡੀ ਮਸਾਲ ਹੈ । ਜਦੋ ਕਿ ਪਿਤਾ ਬੱਚਿਆ ਦੀ ਸੁਰੱਖਿਆ ,ਸਹਾਇਤਾ ਤੇ ਜਿਮੇਵਾਰੀਆ ਵਾਲੇ ਫਰਜ ਆਪ ਮੁਹਾਰੇ ਨਿਭਾਉਦੇ ਹਨ ।

ਇਹ ਰਿਸਤਾ ਵੱਡੇ ਹੋਣ ਨਾਲ ਹੋਰ ਗੂੜਾ ਹੋ ਜਾਦਾ ਹੈ । ਮਾਂਵਾ ਤੇ ਬੱਚੇ ਖੁੱਲ ਦਿਲੀ ਨਾਲ ਮਨੋ ਭਾਵਨਾ ਪ੍ਰਗਟਾਉਦੇ ਹਨ । ਇਹ ਮਮਤਾਮਈ ਮੋਹ ਦੀ ਖੁਸ਼ਗਵਾਰੀ ਹੈ । ਕੁੜੀਆ ਤਾ ਮਾਂਵਾ ਨਾਲ ਸਹੇਲੀਆ ਵਾਂਗ ਵਿਚਰਦੀਆ ਹਨ । ਬੱਚਿਆ ਨਾਲ ਪਿਆਰ ਵਿੱਚ ਲਿੰਗ ਭੇਦ -ਭਾਵ ਨਹੀ ਹੁੰਦੇ । ਪਰ ਬੇਟੀ ਅਕਸਰ ਪਿਤਾ ਦੇ ਨੇੜੇ ਤੇ ਲੜਕਿਆ ਦੇ ਝੁਕਾਅ ਮਾਂਵਾ ਵੱਲ ਰਹਿਦੇ ਹਨ । ਜਦੋ ਪੁੱਤਰਾ ਦਾ ਖੁੱਲੇਪਣ ਨਾਲ ਵਿਚਰਨਾ ਪਿਤਾ ਨਾਲ ਹੀ ਹੁੰਦਾ ਹੈ । ਮਨੋਵਿਗਿਆਨੀ ਵੀ ਮਹਿਲਾਵਾ ਨੂੰ ਮਾਨਸਿਕ ਪੱਖ ਤੋ ਮਜਬੂਤ ਮੰਨਦੇ ਹਨ । ਬੱਚਿਆ ਨੂੰ ਮਾਨਸਿਕ ਦਬਾਉ ਅਤੇ ਸੰਵੇਦਨਮਈ ਹਲਾਤਾ ਨੂੰ ਸਿੰਜਣਾ ਸਿਖਾਉਦੀਆ ਹਨ । ਜੋ ਭਵਿੱਖਮਈ ਫੈਸਲੇ ਲੈਣ ਵਿੱਚ ਮੱਦਦਗਾਰ ਸਾਬਤ ਹੁੰਦਾ ਹੈ । ਅਜਿਹੇ ਸੰਸਕਾਰ ਜਿੰਦਗੀ ਵਿੱਚ ਅਹਿਮ ਸਥਾਨ ਰੱਖਦੇ ਹਨ । ਇਹ ਮਾਂਵਾ ਦੇ ਜਾਣ ਬਾਅਦ ਵੀ ਸ਼ਾਡੇ ਤੋ ਨਿਖੜਦੇ ਨਹੀ । ਸਗੋ ਬਚਪਨ ਤੋ ਜਵਾਨੀ ਦੀ ਦਹਿਲੀਜ ਤੱਕ ਪੁਜਦਿਆ ਹੋਰ ਦਰੁਸਤ ਹੋ ਜਾਦੇ । । ਜਿਸ ਨਾਲ ਸਮਾਜ ਵਿੱਚ ਸਹਿਯੋਗ ,ਹਿਮਾਇਤ ਤੇ ਹਲੀਮੀ ਨਾਲ ਵਿਚਰਦੇ ਹਾ । ਇਹ ਬੱਚਿਆ ਲਈ ਪਿਆਰ ਤੇ ਚਿੰਤਾ ਬਰਾਬਰ ਰੱਖਦੀਆ ਹਨ । ਭਾਂਵੇ ਪੜ -ਲਿਖ ਕੇ ਉਚੀਆ ਪਦਵੀਆ ਤੇ ਪੁੱਜ ਜਾਵਨ । ਮਾਂਵਾ ਦੇ ਫਿਕਰ ਉਮਰਾ ਦੇ ਤਕਾਜੇ ਨਾਲ ਨਹੀ ਤੋਲੇ ਜਾਦੇ । ਬਲਕਿ ਚਿੰਤਾ ਦੀ ਲੜੀ ਸਾਮੀ ਪੂਰਾ ਪਰਿਵਾਰ ਦੇਖਦਿਆ ਹੀ ਟੁੱਟਦੀ ਹੈ । ਮਾਂਵਾ ਦੀ ਢਲਦੀ ਉਮਰ ਦੇ ਪ੍ਰਛਾਵੇ ਨਵੀਆ ਉਮੰਗਾ ਲੈ ਕੇ ਆਉਦੇ ਹਨ । ਆਪਣੇ ਹੱਥੀ ਪਾਲਿਆ ਦੇ ਕਾਰਜ ਰਚਾਉਣੇ ਦਿਲ਼ੀ ਖਵਾਇਸ ਹੁੰਦੀ ਹੈ । ਨੂੰਹ ਦੀਆ ਰੋਣਕਾ ਅਤੇ ਜਮਾਈ ਨਾਲ ਨਵੇ ਰਿਸਤੇ ਵਿੱਚ ਬੱਝਾ ਘਰ ਸਵਰਗ ਤੋ ਘੱਟ ਨਹੀ ਜਾਪਦਾ। ਜਿਸ ਵਿੱਚ ਕੁਲ ਦੇ ਵਾਧੇ ਦੀ ਤਾਂਘ ਵੀ ਉਡਾਰੀ ਭਰਦੀ ਹੈ । ਪੋਤੇ ਪੋਤੀਆ ਤੇ ਦੋਹਤੇ ਦੋਹਤੀਆ ਨਾਲ ਘਿਰੀ ਮਾਂ ਨੂੰ ਸਮਾ ਠਹਿਰਿਆ ਲਗਦਾ ਹੈ । ਇਸ ਰੱਬੀ ਬਖਸ਼ਿਸ ਲਈ ਸੁੱਖਾ ਹੀ ਮੰਗਦੀ ਹੈ । ਨਵੇ ਵਰੇਸਾ ਲਈ ਜਵਾਨੀ ਮਾਨਣ ਤੇ ਲੰਮੀਆ ਉਮਰਾ ਦੀ ਅਸੀਸਾ ਹੀ ਮੂੰਹੋ ਨਿਕਲਦੀਆ ਹਨ । ਅਪਣਿਆ ਪ੍ਰਤੀ ਬੇਪਨਾਹ ਪਿਆਰ ਤੇ ਚੋਤਰਫੀ ਸੰਭਾਲ ਨੂੰ ਅਣਗੋਲਿਆ ਕਰਨਾ ਨਾਮੁਕਨ ਜਾਪਦਾ ਹੈ । ਜੋ ਤੁਰਨ ਲੈ ਕੇ ਤਰੱਕੀ ਤੱਕ ਪਹੁੰਚਾਉਦੀਆ ਹਨ । ਗੁਰੂ ਸਹਿਬਾਨਾ ਨੇ ਪ੍ਰਮਾਤਮਾ ਤੇ ਪਿਤਾ ਤੋ ਪਹਿਲਾ ਮਾਂ ਨੂੰ ਬੱਚਿਆ ਦੀ ਗੁਰੂ ਦਰਸਾਇਆ ਹੈ ।

ਗੁਰਦੇਵ ਮਾਤਾ, ਗੁਰਦੇਵ ਪਿਤਾ \
ਗੁਰਦੇਵ ਸੁਆਮੀ ਪਰਮੇਸਰਾ ।।

ਇਸ ਸਵਾਰਥ ਰਹਿਤ ਬੱਝੇ ਰਿਸਤੇ ਦਾ ਕਰਜਾ ਲ਼ੱਥਣਾ ਅਸਾਨ ਨਹੀ । ਜਿਹੜੀ ਆਪਣੇ ਅਖੀਰੀ ਵੇਲੇ ਵੀ ਪਰਿਵਾਰ ਦੀਆ ਸੁੱਖਾ ਹੀ ਲੋਚਦੀਆ ਹਨ । ਅਸੀ ਉਸ ਦੀਆ ਸਿੱਖਿਆਵਾ ਨਾਲ ਔਖੇ ਪੈਂਡੇ ਤੈਅ ਕਰਦੇ ਹਾ । ਜਾਣ ਬਾਅਦ ਵੀ ਸਾਡੇ ਅੰਗ ਸੰਗ ਰਹਿਦੀ ਹੈ । ਮਾਂ ਦੀ ਬਦੋਲਤ ਚਲਦੇ ਸਾਹਾ ਦਾ ਹਰਜਾਨੇ ਭਰਨੇ ਅਸੰਭਵ ਨਹੀ, ਮਾਂ ਦੇ ਪਿਆਰ ਦੀ ਠੰਡੀ ਛਾ ਨੂੰ ਮਾਨਣਾ ਵੀ ਨਸੀਬ ਨਾਲ ਹੀ ਹਾਸਿਲ ਹੁੰਦਾ ਹੈ । ਤੁਰ ਤਾ ਸਭ ਨੇ ਹੀ ਜਾਣਾ ਪਰ ਸਮੇ ਤੋ ਪਹਿਲਾ ਬੱਚਿਆ ਦੀ ਮਾਂ ਦੂਰ ਨਾ ਹੋਵੇ । ਇਹ ਖਲਾਅ ਪੂਰਿਆ ਨਹੀ ਜਾ ਸਕਦਾ ,ਦੁਨੀਆ ਖਾਲੀ (ਖਮੋਸ਼) ਲਗਦੀ ਹੈ । ਮਾਂ ਦੇ ਪਿਆਰ ਵਰਗਾ ਨਿੱਘ ਕਿਧਰੇ ਹੋਰ ਨਹੀ ਮਿਲਦਾ ਜੋ ਮਾਂ ਦੇ ਤੁਰ ਜਾਣ ਮਗਰੋ ਮਹਿਸੂਸ ਹੋਇਆ । ਮਾਂ ਹਰ ਕਿਸੇ ਦੇ ਜੀਵਨ ਵਿੱਚ ਸਭ ਤੋਂ ਮਹੱਤਵਪੂਰਨ ਔਰਤ ਹੁੰਦੀ ਹੈ। ਇੱਕ ਮਾਂ ਆਪਣੇ ਬੱਚੇ ਲਈ ਆਪਣੀਆਂ ਖੁਸੀਆਂ ਕੁਰਬਾਨ ਕਰ ਦਿੰਦੀ ਹੈ। ਜਿਸ ਤਰ੍ਹਾਂ ਇੱਕ ਮਾਂ ਬੱਚਿਆਂ ਦੀ ਦੇਖਭਾਲ ਕਰਦੀ ਹੈ ਕੋਈ ਹੋਰ ਨਹੀਂ ਕਰ ਸਕਦਾ । ਸੋ ਪਰਿਵਾਰ ਸਮੇਤ ਮਾਂਵਾ ਨੂੰ ਸਮਾ ਜਰੂਰ ਦੇਵੋ । ਉਸ ਰੂਹਾਨੀ ਖੁਸ਼ੀ ਦਾ ਅਨੰਦ ਕਿਤੋ ਹੋਰ ਨਹੀ ਮਿਲ ਸਕਦਾ ।

ਐਡਵੋਕੈਟ ਰਵਿੰਦਰ ਸਿੰਘ ਧਾਲੀਵਾਲ

---

## ਓਹ ਵੇਲ਼ਾ ਯਾਦ ਕਰ

ਡਾ. ਬਲਵਿੰਦਰ ਕੌਰ ਬਰਾੜ
403-590-9629



# ਜਦ ਪਿਆਰ ਵੰਡਿਆ ਗਿਆ ਤਾਂ ਰਾਮਾਇਣ ਲਿਖੀ ਗਈ ਤੇ ਜਦ ਸੰਪਤੀ ਵੰਡੀ ਗਈ ਤਾਂ ਮਹਾਂਭਾਰਤ ਦੀ ਰਚਨਾ ਹੋਈ

ਪਈਆਂ ਢੇਰ ਕਿਤਾਬਾਂ ਕੋਈ ਪੜ੍ਹਦਾ ਹੀ ਨਹੀਂ, ਤਾਹੀਓਂ ਮਨ ਦੇ ਵਿਹੜੇ ਸੂਰਜ ਚੜ੍ਹਦਾ ਹੀ ਨਹੀਂ,
ਚਿਹਰੇ ਤਾਂ ਲਿਸ਼ਕਾਏ ਸ਼ੀਸ਼ੇ ਵਾਂਗੂੰ ਪਰ, ਸ਼ੀਸ਼ੇ ਮੂਹਰੇ ਡਰਦਾ ਕੋਈ ਖੜ੍ਹਦਾ ਹੀ ਨਹੀਂ।
- ਤ੍ਰੈਲੋਚਨ ਲੋਚੀ

ਕਹਿੰਦੇ ਹਨ ਹਾਲਾਤ ਨਾਲ ਪੈਂਦੇ ਵਾਹ ਅਨੁਸਾਰ ਬੰਦੇ ਦੇ ਰਾਹ ਵੀ ਬਦਲ ਜਾਂਦੇ ਨੇ ਤੇ ਫੇਰ ਸੁਭਾਅ ਵੀ ਸਾਵੇਂ ਨਹੀਂ ਰਹਿੰਦੇ। ਇਸ ਦੀ ਪੁਸ਼ਟੀ ਮੈਂ ਇੱਕ ਨਿੱਜੀ ਵੇਰਵੇ ਨਾਲ ਕਰਨ ਲੱਗੀ ਹਾਂ। ਪ੍ਰੋਫੈਸਰ ਪਿਆਰਾ ਸਿੰਘ ਪਦਮ ਦੀ ਬੇਟੀ ਹਰਿੰਦਰ ਮੇਰੀ ਜਮਾਤਣ ਅਤੇ ਸਖੀ ਰਹੀ ਹੈ। ਐਮ ਏ ਕਰਨ ਸਮੇਂ ਮੈਂ ਕਈ ਵਾਰ ਉਨ੍ਹਾਂ ਦੇ ਘਰ ਮੋਦੀ ਕਾਲਜ (ਪਟਿਆਲਾ) ਦੇ ਪਿਛਲੇ ਪਾਸੇ ਨਾਲ ਲੱਗਦੀ ਸੜਕ ਤੇ ਨੀਵੇਂ ਜਿਹੇ ਵਿਹੜੇ ਵਿੱਚ ਗਈ ਹਾਂ। ਸਿਖਰ ਦੁਪਹਿਰੇ ਮਹਿਮਾਨ ਨਿਵਾਜ਼ੀ ਲਈ ਸਿਰ ਤੱਕ ਉਲਰੀਆਂ ਅੰਗੂਰੀ ਵੇਲਾਂ ਠੰਢੀ ਛਾਂ ਦਾ ਅਹਿਸਾਸ ਬਖ਼ਸ਼ਦੀਆਂ ਸਨ। ਇੱਕ ਵਾਰੀ ਮੈਂ ਉਨ੍ਹਾਂ ਦੇ ਘਰ ਸੀ, ਜਦ ਪਿੰਡ ਤੋਂ ਮੰਗੋ ਨਾਮ ਦੀ ਇੱਕ ਅਲ੍ਹੜ ਕੁੜੀ ਦਾਜ ਦੀਆਂ ਵਸਤਾਂ ਖਰੀਦਣ ਆਈ ਹੋਈ ਸੀ। ਉਹ ਬੜੇ ਖ਼ੂਬਸੂਰਤ ਗੋਹਲ਼ੇ (ਟੋਕਰੀਆਂ) ਵੀ ਤੋਹਫ਼ੇ ਵੱਜੋਂ ਲੈ ਕੇ ਆਈ ਸੀ। ਮੈਂ ਪੁੱਛਿਆ - ਕਿਵੇਂ ਬਣਾਏ ਨੇ। ਉਸ ਨੇ ਦੱਸਿਆ ਰੱਦੀ ਕਾਗਜ਼ਾਂ ਦੇ ਟੁਕੜੇ ਗਾਜ਼ਨੀ ਵਿੱਚ ਭਿਉਂ ਕੇ ਗੁੰਨ੍ਹ ਕੇ ਇੱਕ ਜਾਨ ਕਰਦੀ ਹਾਂ, ਫੇਰ ਹੱਥ ਨਾਲ ਸ਼ਕਲ ਵਿੱਚ ਢਾਲ਼ ਕੇ ਸ਼ਿੰਗਾਰ ਲੈਂਦੀ ਹਾਂ। ਉਹ ਜਦ ਅੰਦਰ ਗਈ ਓਥੇ ਕਿੰਨੀਆਂ ਹੀ ਕਿਤਾਬਾਂ ਨਾਲ ਭਰੀਆਂ ਟਾਂਡਾਂ (ਸ਼ੈਲਫਾਂ) ਵੱਲ ਅੱਖਾਂ ਟੱਡ ਕੇ ਹਸਰਤ ਭਰੀ ਨਜ਼ਰ ਨਾਲ ਦੇਖਦੀ ਹੈਰਾਨ ਅਤੇ ਖ਼ੁਸ਼ ਹੁੰਦੀ ਹੋਈ ਕਹਿ ਉੱਠੀ,'ਬੂਹ ਮੈਂ ਮਰਜਾਂ, ਕਿੰਨੀਆਂ ਕਿਤਾਬਾਂ, ਨਾਲੇ ਕਾਗਜ਼, ਮੇਰੇ ਭਾਅ ਦੇ ਤਾਂ ਬਸ ਗੋਹਲ਼ੇ ਹੀ ਗੋਹਲ਼ੇ ਬਣ ਜਾਣ।' ਓਦੋਂ ਉਸ ਦੀ ਇਸ ਰੀਝ ਨੂੰ ਅਸੀਂ ਹਾਸੇ ਰੁਖ ਲਿਆ ਸੀ। ਜਿਨ੍ਹਾਂ ਕਿਤਾਬਾਂ ਨੇ ਪੇਪਰਾਂ ਕਰ ਕੇ ਸਾਨੂੰ ਅਕਾ ਰੱਖਿਆ ਸੀ ਕਿ ਹਾਲੇ ਹੋਰ ਕਿੰਨੀਆਂ ਪੜ੍ਹਨ ਵਾਲੀਆਂ ਬਾਕੀ ਨੇ, ਮੰਗੋ ਨੇ ਆਪਣੀ ਇੱਛਾ ਦੇ ਮੇਚ ਕਰ ਕੇ ਸਭ ਮਲੀਆਮੇਟ ਕਰ ਧਰੀਆਂ ਸਨ। ਮੈਨੂੰ ਲੱਗਿਆ ਕਿੰਨੀ ਨਿਰਛਲ ਰੀਝ ਹੈ ਇਸ ਅੱਖਰ-ਵਿਹੂਣੇ ਮਨ ਦੀ ਪਰ ਮੈਂ ਜਾਣਦੀ ਹਾਂ ਕਈ ਪੜ੍ਹੇ ਲਿਖੇ ਵੀ ਜੋ ਅੱਖਰਾਂ ਦੇ ਸਿਰਲੇਖ ਹੇਠ ਅਖ਼ਬਾਰਾਂ ਦੀ ਸੁਰਖੀ ਵਾਂਗ ਪਲਦੇ ਹਨ ਉਹ ਵੀ ਕਿਤਾਬਾਂ ਤੋਂ ਕੰਨੀ ਕਤਰਾ ਰਹੇ ਹਨ। ਜੋ ਕਿਤਾਬਾਂ ਨਹੀਂ ਪੜ੍ਹਦਾ ਉਹ ਕੇਵਲ ਇੱਕੋ ਜੀਵਨ ਜਿਉਂਦਾ ਹੈ ਪਰ ਕਿਤਾਬਾਂ ਪੜ੍ਹਨ ਵਾਲੇ ਹੋਰਨਾਂ ਦਾ ਜੀਵਨ ਵੀ ਜਿਉਂ ਜਾਂਦੇ ਹਨ। ਕਿਤਾਬਾਂ ਪੜ੍ਹੇ ਬਿਨਾ ਮਨ ਅੰਦਰਲੀ ਧਰਤ ਬੰਜਰ ਹੋ ਜਾਂਦੀ ਹੈ। ਅੱਖਰ-ਵਿਹੂਣਾ ਮਨ ਥੋਥਾ, ਸੱਖਣਾ ਤੇ ਸੋਚ ਤੋਂ ਵਿਰਵਾ ਹੀ ਹੋ ਜਾਂਦਾ ਹੈ। ਬਚਪਨ ਵਿੱਚ ਸਾਨੂੰ ਕਿਤਾਬ ਦਾ ਸਤਿਕਾਰ ਸਿਖਾਇਆ ਗਿਆ। ਜੇ ਭੁੱਲ ਕੇ ਵੀ ਪੁਸਤਕ ਨੂੰ ਪੈਰ ਲੱਗ ਜਾਂਦਾ ਤਾਂ ਮੱਥੇ ਨਾਲ ਲਾ ਕੇ ਮੁਆਫ਼ੀ ਮੰਗਦੇ ਸੀ। ਸਾਡੇ ਲਈ ਤਾਂ ਇਹ ਸ਼ਬਦ ਦੇਹੀ ਅਤੇ ਰੂਹ ਦੋਵੇਂ ਹੋ ਕੇ ਜੀਵਨ-ਜਾਚ ਦੱਸਦੇ ਹਨ। ਕਿਤਾਬਾਂ ਨਾਲ ਮੋਹ ਰੱਖਣ ਵਾਲੇ ਧਰਤ ਦੀ ਮਹਿਕ, ਵਰ੍ਹਦੀਆਂ ਕਣੀਆਂ ਦਾ ਸੰਗੀਤ, ਹਨੇਰੀ ਦੀ ਸੂਕ ਅਤੇ ਚੜ੍ਹਦੇ ਉਤਰਦੇ ਸੂਰਜ ਦਾ ਸੰਧੂਰੀ ਰੰਗ ਵੀ ਮਾਣਦੇ ਹਨ। ਕਿਸੇ ਅੱਲ੍ਹੜ ਦੀਆਂ ਪਲਕਾਂ ਤੇ ਲਟਕਦੇ ਹੰਝੂ ਦਾ ਤਰਜੁਮਾ ਜਾਣਦੇ ਹਨ। ਚਾਰਲਸ ਡਿਕਨਜ਼ ਆਖਦਾ ਹੈ - ਇੱਕ ਵਧੀਆ ਕਿਤਾਬ ਹਜ਼ਾਰ ਦੋਸਤਾਂ ਬਰਾਬਰ ਹੁੰਦੀ ਹੈ ਪਰ ਇੱਕ ਵਧੀਆ ਦੋਸਤ ਪੂਰੀ ਲਾਇਬਰੇਰੀ ਬਰਾਬਰ ਹੈ। ਕਾਗਜ਼ ਰੋਂਦੇ ਨਹੀਂ ਪਰ ਰੁਆ ਦਿੰਦੇ ਹਨ, ਚਾਹੇ ਕਿਸੇ ਬੇਵਫ਼ਾ ਦਾ ਪੱਤਰ ਹੋਵੇ, ਮੈਡੀਕਲ ਰਿਪੋਰਟ ਹੋਵੇ ਜਾਂ ਜਮਾਤ ਦਾ ਨਤੀਜਾ ਹੋਵੇ। ਕਿਤਾਬਾਂ ਤੋਂ ਮੁੱਖ ਮੋੜਨ ਸਦਕਾ ਹੀ ਲੋਕਾਂ ਦੀ ਮਾਨਸਿਕਤਾ ਗੰਧਲੀ ਹੈ, ਮਾਰੂ ਹਿੰਸਾ ਅਤੇ ਨਿਘਾਰ ਪਸਰਿਆ ਹੈ। ਕਿਤਾਬਾਂ ਕਿਸੇ ਵੇਲ਼ੇ ਦਾ ਇਤਿਹਾਸਕ ਦਸਤਾਵੇਜ਼ ਹਨ - ਜਦ ਪਿਆਰ ਵੰਡਿਆ ਗਿਆ ਤਾਂ ਰਾਮਾਇਣ ਲਿਖੀ ਗਈ ਤੇ ਜਦ ਸੰਪਤੀ ਵੰਡੀ ਗਈ ਤਾਂ ਮਹਾਂਭਾਰਤ ਦੀ ਰਚਨਾ ਹੋਈ। ਬੇਕਨ ਦੇ ਕਥਨ ਅਨੁਸਾਰ ਕੁੱਝ ਕਿਤਾਬਾਂ ਦਾ ਸਵਾਦ ਲਿਆ ਜਾਂਦਾ ਹੈ, ਕੁੱਝ ਨਿਗਲ਼ੀਆਂ ਜਾਂਦੀਆਂ ਹਨ ਤੇ ਕੁੱਝ ਚਬਾਈਆਂ ਜਾਂਦੀਆਂ ਹਨ। ਨਰਿੰਦਰ ਸਿੰਘ ਕਪੂਰ ਅਨੁਸਾਰ - ਕਿਤਾਬਾਂ ਤੋਂ ਸਾਨੂੰ ਗਿਆਨ ਮਿਲਦਾ ਹੈ, ਕਿਤਾਬਾਂ ਸਾਨੂੰ ਸਿਆਣਾ, ਚਰਿੱਤਰਵਾਨ, ਸੁਹਿਰਦ, ਅਨੁਭਵੀ, ਸੁਹਜਵਾਦੀ, ਇਮਾਨਦਾਰ ਅਤੇ ਚੰਗੇ ਇਨਸਾਨੀ ਗੁਣਾਂ ਦਾ ਧਾਰਨੀ ਬਣਾਉਂਦੀਆਂ ਹਨ। ਆਧੁਨਿਕ ਜੀਵਨ-ਸ਼ੈਲੀ ਨੇ ਕਿਤਾਬੀ ਸ਼ੌਕ ਨੂੰ ਠੇਸ ਲਾਈ ਹੈ। ਪਾਬਲੋ ਨਰੂਦਾ ਨੇ ਲਿਖਿਆ ਸੀ,'ਮੈਂ ਕਿਤਾਬ ਪੜ੍ਹ ਕੇ ਹਟਦਾ ਹਾਂ ਤਾਂ ਜ਼ਿੰਦਗੀ ਦੇ ਵਰਕੇ ਖੁੱਲ੍ਹਣੇ ਸ਼ੁਰੂ ਹੋ ਜਾਂਦੇ ਹਨ।' ਕਿਤਾਬਾਂ ਰੋਟੀ ਨਹੀਂ ਦਿੰਦੀਆਂ ਪਰ ਇਹ ਦੱਸਦੀਆਂ ਹਨ ਕਿ ਤੁਹਾਡੇ ਹਿੱਸੇ ਦੀ ਰੋਟੀ ਕੌਣ ਖਾ ਰਿਹਾ ਹੈ। ਅੱਜ ਲਾਇਬਰੇਰੀਆਂ ਨਾਲੋਂ ਵੱਧ ਪਾਰਲਰ




ਖੁੱਲ੍ਹ ਰਹੇ ਹਨ ਕਿਉਂਕਿ ਅਕਲ ਨਾਲੋਂ ਸ਼ਕਲ ਦਾ ਮੁੱਲ ਵਧ ਰਿਹਾ ਹੈ। ਆਦਮੀ ਤੋਂ ਇਨਸਾਨ ਬਣਨ ਦਾ ਰਸਤਾ ਕਿਤਾਬਾਂ ਦੇ ਹਰਫ਼ਾਂ ਰਾਹੀਂ ਹੀ ਜਾਂਦਾ ਹੈ। ਕਈ ਵਾਰੀ ਇਉਂ ਲਗਦਾ ਹੈ ਕਿ ਕਿਤਾਬ ਪੜ੍ਹਦਿਆਂ ਅਸੀਂ ਕਿਸੇ ਪਵਿੱਤਰ ਦਰਗਾਹ ਦੀਆਂ ਪੌੜੀਆਂ ਚੜ੍ਹ ਰਹੇ ਹੋਈਏ। ਕਿਤਾਬ ਦੇ ਹਰਫ਼ ਸਮਾਜ ਦੇ ਹਰ ਪ੍ਰਾਣੀ ਦੀ ਸੋਚ ਅਤੇ ਜ਼ਿੰਦਗੀ ਲਈ ਅਸਰ-ਅੰਦਾਜ਼ ਹੋਣ ਦੀ ਸਮਰੱਥਾ ਰੱਖਦੇ ਹਨ। ਕਿਸੇ ਨੇ ਠੀਕ ਕਿਹਾ ਹੈ -

ਐ ਕਲਮ ਤੇਰੀ ਅਜਬ ਮਾਇਆ,
ਜੱਜ ਹੱਥ ਲੱਗੀ ਜ਼ਿੰਦਗੀ ਤੇ ਮੌਤ ਦਾ ਫੈਸਲਾ ਸੁਣਾਇਆ
ਬੱਚੇ ਹੱਥ ਲੱਗੀ ਤਾਂ ਭਵਿੱਖ ਬਣਾਇਆ,
ਡਾਕਟਰ ਹੱਥ ਲੱਗੀ ਤਾਂ ਕਿਸੇ ਨੂੰ ਹਸਾਇਆ ਕਿਸੇ ਨੂੰ ਰੁਆਇਆ
ਤੇ ਲੇਖਕ ਹੱਥ ਆਈ ਤਾਂ ਪੂਰੀ ਦੁਨੀਆਂ ਨੂੰ ਹੀ ਸ਼ੀਸ਼ਾ ਦਿਖਾਇਆ।

ਅਖੀਰ ਵਿੱਚ ਤ੍ਰੈਲੋਚਨ ਲੋਚੀ ਦੀ ਗੌਲਣਯੋਗ ਸਲਾਹ ਦਾ ਜ਼ਿਕਰ ਕਰਨਾ ਬਣਦਾ ਹੈ ,'ਸਫਰ ਤੇ ਚੱਲੇ ਹੋ, ਕੋਈ ਖ਼ੂਬਸੂਰਤ ਕਿਤਾਬ ਵੀ ਲੈ ਚੱਲੋ ਨਾਲ, ਜ਼ਰੂਰੀ ਨਹੀਂ ਕਿ ਸਫਰ ਵਿੱਚ ਕਿਤਾਬਾਂ ਵਰਗੇ ਲੋਕ ਮਿਲਣ।'

# ਕਾਗਜ਼ੀ ਵਿਚੋਲਪੁਣਾ

## ਲੜਕੇ ਦੀ ਲੋੜ

ਪੰਜਾਬ ਯੂਨੀਵਰਸਿਟੀ ਤੋਂ ਗਰੈਜੂਏਟ ਕਨੇਡਾ ਵਿਜਟਿਰ ਵੀਜੇ ਉੱਪਰ ਆਈ ਸੈਣੀ ਸਿੱਖ ਪਰਿਵਾਰ ਦੀ ਨਿਰਪੱਖ ਅਤੇ ਸੁੰਦਰ ਅਨਮੈਰਿਡ ਮੋਹਾਲੀ ਸ਼ਹਿਰ ਦੀ ਜੰਮਪਲ ਲੜਕੀ,ਜਨਮ 1984,ਕੱਦ 5 ਫੁੱਟ 4 ਇੰਚ,ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 204 698 3247 ਜਾਂ ਈ ਮੇਲ : paramjitkaur0603@gmail.com ***221***

## ਲੜਕੀ ਦੀ ਲੋੜ

ਜਲੰਧਰ ਵਿਖੇ ਆਪਣਾ ਬਿਜਨਿਸ ਕਰਦੇ ਸੁਮਨ (ਐਸ ਸੀ) ਪਰਿਵਾਰ ਦੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਲਵਲੀ ਯੂਨੀਵਰਿਸਟੀ ਤੋਂ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਜਾਤਪਾਤ ਦਾ ਕੋਈ ਬੰਧਨ ਨਹੀਂ ਹੈ। ਸੰਪਰਕ: 0091 9464336311, 587 889 5900 ਜਾਂ 587 437 0902 E mail: vijaykumarsuman25@yahoo.co.in ***225***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਕਨੇਡਾ ਦੇ ਦੋ ਸੂਬਿਆਂ ਵਿੱਚ ਸਫਲ ਸਥਾਪਿਤ ਕਾਰੋਬਾਰ, ਵੈਲ ਸੈਟਲਡ ਪਰਿਵਾਰ ਦੇ ਕਨੇਡਾ ਵਿੱਚ 16 ਸਾਲ ਤੋਂ ਰਹਿ ਰਹੇ ਲੜਕੇ ਉਮਰ 32 ਸਾਲ,ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 204 510 7658 ਜਾਂ 1 437 881 7282 ***221***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਬਰਾੜ,ਉਮਰ 25 ਸਾਲ, ਕੱਦ 5 ਫੁੱਟ 5 ਇੰਚ, ਲੀਗਲ ਅਸਿਸਟੈਂਟ ਦੀ ਜੌਬ ਕਰਦੀ ਲੜਕੀ ਲਈ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਮੋਗਾ,ਲੁਧਿਆਣਾ,ਫਰੀਦਕੋਟ ਨੂੰ ਪਹਿਲ ।ਫੋਨ ਕਾਲ ਨਹੀਂ ਕਰਨੀ ਜੀ। ਟੈਕਸਟ ਮੈਸੇਜ ਜਾਂ ਵਟਸਐਪ ਮੈਸੇਜ ਹੀ ਕੀਤਾ ਜਾਵੇ। ਸੰਪਰਕ: 403 836 4560 ***224***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਬਰਾੜ ਪਰਿਵਾਰ ਦੇ ਨਸ਼ਾ ਰਹਿਤ ਤਲਾਕਸ਼ੁਦਾ, ਵੈੱਲ ਸੈਟਲਡ,ਲੜਕੇ ਉਮਰ 40 ਸਾਲ, ਲਈ ਹਾਣ ਪ੍ਰਵਾਣ ਦੀ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 587 716 6319 ***224***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਰਾਮਗੜੀਆ ਪਰਿਵਾਰ ਦੀ ਤਲਾਕਸ਼ੁਦਾ ਲੜਕੀ ਉਮਰ 38 ਸਾਲ, ਕੱਦ 5 ਫੁੱਟ 2 ਇੰਚ,ਵਿਦਿਅਕ ਯੋਗਤਾ: ਬੀ ਐਸ ਸੀ,ਬੀ ਐੱਡ,ਐਮ ਐਸ ਸੀ ਮੈਥ,ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਅੱਪਰ ਕਾਸਟ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ।ਲੜਕਾ ਵਿਨੀਪੈਗ ਜਾਂ ਟਰਾਂਟੋ (ਕਨੇਡਾ ਵਿੱਚ ਹੀ) ਰਹਿੰਦਾ ਹੋਵੇ। ਸੰਪਰਕ: 1 431 278 6060 ਜਾਂ 91 842 7800142 ***224***

## ਜੀਵਨ ਸਾਥੀ ਦੀ ਲੋੜ

ਕਨੇਡੀਅਨ ਪੀ ਆਰ ਲੜਕੀ, ਉਮਰ 45 ਸਾਲ, ਨੂੰ ਜੀਵਨ ਸਾਥੀ ਦੀ ਲੋੜ ਹੈ ਜੋ ਨਸ਼ਾ ਰਹਿਤ ਅਤੇ ਜੱਟ ਸਿੱਖ ਪਰਿਵਾਰ ਨਾਲ ਸਬੰਧਿਤ 48 ਤੋਂ 52 ਸਾਲ ਦੀ ਉਮਰ ਤੱਕ ਕਨੇਡੀਅਨ ਪੀ ਆਰ ਹੀ ਹੋਵੇ। ਲੜਕੀ ਦੇ ਦੋ ਬੱਚੇ ਹਨ, ਲੜਕੇ ਦੀ ਉਮਰ 17 ਸਾਲ ਹੈ, ਇੱਕ ਲੜਕੀ ਸਾਦੀਸ਼ੁਦਾ ਹੈ,ਲੜਕੇ ਅਤੇ ਪਰਿਵਾਰ ਦੇ ਦੇਖ ਰੇਖ ਕਰਨ ਵਾਲਾ ਜੀਵਨਸਾਥੀ ਚਾਹੀਦਾ ਹੈ । ਸੰਪਰਕ : 1 825 419 2236***220***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੇ ਲੜਕੇ ਉਮਰ 20 ਸਾਲ,ਕੱਦ 5 ਫੁੱਟ 11 ਇੰਚ, ਬਾਰਵੀਂ ਪਾਸ ਲਈ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਿਜਟਿਰ ,ਸਟੂਡੈਂਟ,ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕੋਈ ਜਾਤੀ ਬੰਧਨ ਨਹੀਂ। ਵਿਆਹ ਜਲਦੀ। ਸੰਪਰਕ: 1 204 295 0178 ***219***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ, ਢਿੱਲੋਂ ਪਰਿਵਾਰ ਦੇ ਕੈਲਗਰੀ ਰਹਿੰਦੇ ਲੜਕੇ ਲਈ, ਉਮਰ 29 ਸਾਲ, ਕੱਦ 6 ਫੁੱਟ,ਸਿਵਲ ਡਿਪਲੋਮਾਂ ਹੋਲਡਰ,ਜੌਬ ਇੰਸੋਰੈਂਸ ਐਡਵਾਈਜ਼ਰ ਲਈ ਸੋਹਣੀ ਸੁਨੱਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਬਠਿੰਡੇ ਸਹਿਰ ਤੋਂ ਸ਼ਹਿਰੀ ਅਤੇ ਪੇਂਡੂ ਜਮੀਨ ਜਾਇਦਾਦ ਦਾ ਮਾਲਕ ਹੈ । ਲੜਕਾ ਅਤੇ ਉਸਦਾ ਪਰਿਵਾਰ ਪਿਛਲੇ 15 ਸਾਲਾਂ ਤੋਂ ਕਨੇਡਾ ਵਿੱਚ ਰਹਿ ਰਿਹਾ ਹੈ। ਮਾਲਵਾ ਇਲਾਕੇ ਨੂੰ ਪਹਿਲ। ਸੰਪਰਕ: 1 204 880 2867 ***223***

## ਲੜਕੀ ਦੀ ਲੋੜ

ਲੁਬਾਣਾ ਸਿੱਖ ਪਰਿਵਾਰ ਦੇ ਅਮਰੀਕਨ ਗਰੀਨ ਕਾਰਡ ਹੋਲਡਰ ਲੜਕੇ ,ਕੱਦ 5 ਫੁੱਟ 9 ਇੰਚ,ਉਮਰ 33 ਸਾਲ,ਵਿਦਿਅਕ ਯੋਗਤਾ ਪਲੱਸ 2,ਆਪਣਾ ਟਰੱਕਿੰਗ ਦਾ ਬਿਜਨਿਸ ਕਰਦੇ ਲਈ ਕਨੇਡਾ ਜਾਂ ਯੂ ਐਸ ਏ ਤੋਂ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕਨੇਡਾ ਰਹਿੰਦੀ ਲੜਕੀ ਭਾਵੇਂ ਸਟੂਡੈਂਟ ਵੀਜੇ ਵਾਲੀ ਹੀ ਹੋਵੇ ਲੜਕਾ ਇੱਥੇ ਆਕੇ ਵੀ ਵਿਆਹ ਕਰਵਾ ਸਕਦਾ ਹੈ। ਸੰਪਰਕ : ਯੂ ਐਸ ਏ 0018184515927 ਜਾਂ ਈ ਮੇਲ : karmbadesha82@gmail.com ***219***

## ਲੜਕੀ ਦੀ ਲੋੜ

Khatri divorcee, issulessboy,37 Year, 5 ft 7 inch, BA, own IELTS Academy, All Family Canada Settled, early simple marriage, Cast no bar. Call: 1 431 337 3224 ***223***

## ਲੜਕੀ ਦੀ ਲੋੜ

ਕੈਨੇਡਾ ਵਿਜਟਰ ਵੀਜੇ ਉੱਪਰ ਆਏ ਰਾਮਗੜੀਆ ਵਿਰਕ ਪਰਿਵਾਰ ਦੇ ਲੜਕੇ ਉਮਰ 42 ਸਾਲ,ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ: ਬੀ ਏ, ਲਈ ਹਾਣ ਪ੍ਰਵਾਣ ਦੀ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਲੜਕੀ ਜਿਸਦੀ ਪੀ ਆਰ ਲਈ ਫਾਈਲ ਲੱਗੀ ਹੋਵੇ ਜਾਂ ਬਿਨਾ ਬੱਚੇ ਤੋਂ ਤਲਾਕਸੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਪਰਿਵਾਰ ਯੂ ਐਸ ਏ ਰਹਿੰਦਾ ਹੈ ਪਰ ਲੜਕਾ ਨਾਨਕਾ ਪਰਿਵਾਰ ਕੋਲ ਕਨੇਡਾ ਆਇਆ ਹੋਇਆ ਹੈ। ਜਮੀਨ ਖੇਤੀ ਅਤੇ ਘਰ ਪਟਿਆਲਾ ਦੋਵੇਂ ਜਗਾਹ ਹਨ। ਸੰਪਰਕ: 403 618 5464 ਜਾਂ 403 629 7162 ***223***

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਕਨੇਡਾ ਰਹਿ ਰਹੀ ਲੜਕੀ, ਉਮਰ 25 ਸਾਲ, ਕੱਦ 5 ਫੁੱਟ 4 ਇੰਚ, ਲਈ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 639 382 0872 ***223***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਕਲੇਰ ਪਰਿਵਾਰ ਦੀ ਸੋਹਣੀ ਸੁਨੱਖੀ,ਉਮਰ 27 ਸਾਲ, ਕੱਦ 5 ਫੁੱਟ 7 ਇੰਚ, ਮੈਡੀਕਲ ਆਫਿਸ ਐਡਮਨਿਸਟ੍ਰੇਸ਼ਨ ਦੀ ਵਿਦਿਅਕ ਯੋਗਤਾ ਵਾਲੀ ਲੜਕੀ ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਵੈੱਲ ਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕੋਲ ਮਾਰਗੇਜ ਬਰੋਕਰੇਜ ਦਾ ਲਾਇਸੈਂਸ ਵੀ ਹੈ। ਸੰਪਰਕ: 1 780 903 5524***221***

## ਲੜਕੀ ਦੀ ਲੋੜ

ਵਿਜਿਟਰ ਵੀਜੇ ਉੱਪਰ ਕਨੇਡਾ ਰਹਿੰਦੇ ਜੱਟ ਸਿੱਖ ਮਾਨ ਪਰਿਵਾਰ ਦੇ ਲੜਕੇ ਉਮਰ 30 ਸਾਲ, ਵਿਦਿਅਕ ਯੋਗਤਾ ਬੀ ਏ, ਆਈ ਟੀ ਆਈ ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਪਹਿਲੀ ਪਤਨੀ ਦੀ ਕਨੇਡਾ ਵਿੱਚ ਸੜਕ ਦੁਰਘਟਨਾ ਵਿੱਚ ਮੌਤ ਹੋ ਚੁੱਕੀ ਹੈ। ਇੱਕ 5 ਸਾਲ ਦੀ ਬੱਚੀ ਵੀ ਹੈ। ਸੰਪਰਕ: 1 647 244 4131 ***221***

## ਲੜਕੇ ਦੀ ਲੋੜ

Canadian citizen Jatt Sikh 29 year old, 5ft 6inches tall girl employed with Alberta's largest healthcare employer, working through her LPN to RN bridging program and also preparing for Canadian Medical school Entrance to pursue medicine; looking for at least 6ft tall, well educated, cultured groom who is either a Doctor, Engineer, Smart businessman or a Lawyer. Preference will be given to Edmonton and Calgary area. Substance abusers refrain from contacting. Contact: 1 780 707 1280 ***221***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਸਿੱਧੂ ਪਰਿਵਾਰ ਦੇ ਕੈਲਗਰੀ ਰਹਿੰਦੇ ਸੋਹਣੇ ਸੁਨੱਖੇ ਲੜਕੇ,ਉਮਰ 29 ਸਾਲ, ਕੱਦ 5 ਫੁੱਟ 8 ਇੰਚ, ਐਜੂਕੇਸ਼ਨ ਗਰੇਡ 12, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 404 6602 ***221***

## ਲੜਕੇ ਦੀ ਲੋੜ

DOB-1980 Education- M.A ( English literature), M. A ( sociology, Gold medalist, PU, Chandigarh), B. Ed., M.Ed., Phd ( Education), UGC NET ( Education), UGC NET ( Sociology) Experience- 15 years of teaching Experience .At Canada, since October 2021.Caste No Bar."Keen to settle abroad, preferably , Ontario, Canada. Phone: 0091 94171 78487 **220**

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਪਰਿਵਾਰ ਦੇ ਕਨੇਡਾ ਦੇ ਹੀ ਜੰਮਪਲ, ਉਮਰ 39 ਸਾਲ, ਕੱਦ 5 ਫੁੱਟ 9 ਇੰਚ, ,ਫਾਇਨਾਂਸ ਦੀ ਬਿਜਨਿਸ ਡਿਗਰੀ ਹੋਲਡਰ ਅਤੇ ਹੁਣ ਸੀ ਆਰ ਏ ਨਾਲ ਐਡੀਟਰ ਦੀ ਜੌਬ ਕਰਦੇ ਲੜਕੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਜੱਟ ਸਿੱਖ ਪਰਿਵਾਰ ਦੀ ਕਨੇਡੀਅਨ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਰੀਅਲ ਅਸਟੇਟ ਅਤੇ ਹੋਰ ਸਥਾਪਿਤ ਬਿਜਨਸਾਂ ਦਾ ਵੀ ਮਾਲਿਕ ਹੈ। ਸੰਪਰਕ: 403 681 0557 ***220***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਕਨੇਡਾ ਆਏ ਧਾਲੀਵਾਲ ਪਰਿਵਾਰ ਦੇ ਇਕਲੌਤੇ ਲੜਕੇ ਉਮਰ 27 ਸਾਲ, ਕੱਦ 6 ਫੁੱਟ, ਪਲੱਸ ਟੂ ਲੜਕੇ ਲਈ ਕਨੇਡਾ ਤੋਂ ਹੀ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ।ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਕੋਲ ਲੁਧਿਆਣਾ ਜਿਲੇ ਵਿੱਚ 5 ਏਕੜ ਸਹਿਰੀ ਜਾਇਦਾਦ ਹੈ। ਲੜਕੇ ਦੇ ਪਿਤਾ ਦੀ ਮੌਤ ਹੋ ਚੁੱਕੀ ਹੈ, ਇਸ ਵੇਲੇ ਪਰਿਵਾਰ ਵਿੱਚ ਲੜਕਾ ਅਤੇ ਉਸਦੀ ਮਾਤਾ ਜੀ ਹੀ ਹਨ। ਸੰਪਰਕ :403 401 5308 ***220***

## ਲੜਕੀ ਦੀ ਲੋੜ

ਕਨੇਡੀਅਨ ਜੱਟ ਸਿੱਖ ,ਉਮਰ 40 ਸਾਲ,ਸਾਊ ਅਤੇ ਨਸ਼ਾ ਰਹਿਤ ਡਾਇਵੋਰਸ ਲੜਕੇ ਲਈ ਘਰੇਲੂ ਅਤੇ ਸਿਆਣੀ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਿਨੀਪੈਗ ਨੂੰ ਪਹਿਲ। ਸੰਪਰਕ: 1 204 697 4736 **219**

## ਲੜਕੀ ਦੀ ਲੋੜ

ਵਿਜਟਿਰ ਵੀਜ਼ੇ ਤੇ ਕੈਨੇਡਾ ਆਏ ਜੱਟ ਸਿੱਖ ਮਾਨ ਪਰਿਵਾਰ ਦੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਵਿੱਦਿਅਕ ਯੋਗਤਾ ਐਮ ਏ ਲਈ ਕੈਨੇਡੀਅਨ ਪੀ ਆਰ ਲੜਕੀ ਦੀ ਲੋੜ ਹੈ ਹੋਰ ਜਾਣਕਾਰੀ ਲਈ ਸੰਪਰਕ ਨੰਬਰ : 403 923 7020 ***220***





"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।
ਕੈਲਗਰੀ-403 640 2000
ਐਡਮਿੰਟਨ-780 599 2000 ਸੈਸਕਾਟੂਨ 639 999 1000
ਰੀਜਾਇਨਾ- 639 999 1000, ਵਿਨੀਪੈੱਗ- 431 733 3000

# ਵਰਕਰਾਂ ਦੀ ਲੋੜ

ਕੈਲਗਰੀ ਦੀ ਨਾਮਵਰ ਰੂਫਿੰਗ ਕੰਪਨੀ ਨੂੰ ਰੂਫਰ ਅਤੇ ਆਫਿਸ ਐਡਮਿਨ ਦੀ ਸਖਤ ਜਰੂਰਤ ਹੈ। ਦੋਵੇਂ ਪੋਸਟਾਂ ਲਈ ਐਲ ਐਮ ਆਈ ਵੀ ਮਿਲ ਸਕਦੀ ਹੈ। ਹੁਣੇ ਸੰਪਰਕ ਕਰੋ।

**ਕਾਲ ਦਿਲਾਵਰ ਤੂਰ**
**403 680 0436**

# Hiring

Hair and face art salon islooking for hairdresser (NOC CODE 6341) Applicants should have minimum of 1-2 years of experience.
Number of Vacancies :2
Wage rate: 20/hour fulltime job
Interested candidates please send your resume at email: hairandfaceart994@gmail.com

# ਘਰ ਦੇ ਕੰਮ ਲਈ ਸਹਾਇਕ ਔਰਤ ਦੀ ਲੋੜ

ਕੈਲਗਰੀ ਸਹਿਰ ਦੇ ਸੈਡਲਰਿੱਜ ਏਰੀਆ ਵਿੱਚ ਰਹਿੰਦੀ ਪੰਜਾਬੀ ਫੈਮਿਲੀ ਨੂੰ ਘਰ ਦੇ ਕੰਮ ( ਬਰਤਨ ਧੋਣੇ ਅਤੇ ਘਰ ਦੀ ਸਾਫ ਸਫਾਈ ਆਦਿ) ਲਈ ਹੈਲਪਰ (ਔਰਤ) ਦੀ ਲੋੜ ਹੈ । ਕੰਮ ਹਫ਼ਤੇ ਦੇ ਪੰਜ ਦਿਨ 30-35 ਘੰਟੇ ਹੋਵੇਗਾ । ਚੰਗੀ ਤਨਖਾਹ ਦਿੱਤੀ ਜਾਵੇਗੀ।
**ਸੰਪਰਕ : 587 854 3124**

# ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ




ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

ਅੰਗਦਾਨ ਕਰਨ ਲਈ ਹੁਣ ਤੁਸੀਂ ਇਸ ਕਿਊ ਆਰ ਕੋਡ ਨੂੰ ਆਪਣੇ ਫੋਨ ਵਿੱਚ ਸਕੈਨ ਕਰਕੇ ਸਾਰੀ ਜਾਣਕਾਰੀ ਲੈ ਸਕਦੇ ਹੋ ਅਤੇ ਅੰਗਦਾਨ ਫਾਰਮ ਵੀ ਆਨ ਲਾਈਨ ਹੀ ਭਰ ਸਕਦੇ ਹੋ


## Name Change

I, **HARI SINGH** son of **JAGDEV SINGH DHALIWAL** holder of Indian Passport **# T 0702484** issued at VANCOUVER, permanent resident of village: **ARRAICHA, P.O: DORAHA,TEHSIL: PAYAL, LUDHIANA, PUNJAB, INDIA** and presently residing at **19 CITYSCAPE WAY NE CALGARY (AB) T3N 0S4 Canada** do hereby change my name from **HARI SINGH** to **HARI SINGH DHALIWAL**, with immediate effect.
Contact: 1 778 325 1000 Date: 11 MAY 2023

## Name Change

I, **PAVITAR PAL KAUR,** Daughter of **GIAN SINGH,** holder of Indian Passport No **G 4728648** ,issued at VANCOUVER, on 24/07/2013, permanent resident of **3518 GALIAND DRIVE ABBOTSFORD (BC) V2T5R5 CANADA**, and presently residing at **543 WEST CHESTERMERE DRIVE (AB) T1X0R6 Canada,** do hereby change my name from **PAVITAR PAL KAUR** to **PAVITARPAL KAUR SANDHU** , with immediate effect.
Date: 4 MAY 2023 Cont.: 403 707 8382

# ਖਲਨਾਇਕ ਤੋਂ ਨਾਇਕ ਬਣਿਆ ਨੌਜਵਾਨ



(ਮੋਹਨ ਸ਼ਰਮਾ)
ਮੋ-94171-48866

ਨਸ਼ਾ ਛੁਡਾਊ ਕੇਂਦਰ ਦੇ ਮੁਖੀ ਵਜੋਂ ਕੰਮ ਕਰਦਿਆਂ ਤਰ੍ਹਾਂ ਤਰ੍ਹਾਂ ਦੇ ਨਸ਼ੱਈਆਂ ਨਾਲ ਵਾਹ ਪਿਆ ਹੈ। ਨਸ਼ੱਈਆਂ ਦੀ ਖ਼ਾਧੀ ਸਹੁੰ, ਮਾਸੂਮ ਬੱਚੇ ਦੇ ਸਿਰ ਤੇ ਹੱਥ ਧਰ ਕੇ ਅੱਗੇ ਤੋਂ ਨਸ਼ਾ ਨਾ ਕਰਨ ਦਾ ਵਾਅਦਾ, ਪਤਨੀ ਅਤੇ ਮਾਂ-ਬਾਪ ਦੀਆਂ ਸਹੀ ਰਾਹ ਤੇ ਪਾਉਣ ਲਈ ਸਮਝਾਉਣ ਵਾਲੀਆਂ ਗੱਲਾਂ ਉਨ੍ਹਾਂ ਲਈ ਥਿੰਦੇ ਘੜ੍ਹੇ ਤੇ ਪਏ ਪਾਣੀ ਵਰਗੀਆਂ ਹੁੰਦੀਆਂ ਹਨ। ਅੱਕੇ ਹੋਏ ਮਾਂ-ਬਾਪ ਅਤੇ ਪਤਨੀ ਜਦੋਂ ਰਿਸ਼ਤੇਦਾਰਾਂ ਦਾ ਇਕੱਠ ਕਰਕੇ ਉਸ ਨੂੰ ਸਹੀ ਰਾਹ ਤੇ ਲਿਆਉਣ ਲਈ ਪ੍ਰੇਰਨਾ ਦਿੰਦੇ ਨੇ, ਉਸ ਦਿਨ ਉਹ ਅੱਗੇ ਨਾਲੋਂ ਵੀ ਜ਼ਿਆਦਾ ਨਸ਼ਾ ਕਰਦੇ ਹਨ ਅਤੇ ਘਰ ਆ ਕੇ ਨਸ਼ੇ ਦੀ ਹਾਲਤ ਵਿੱਚ ਘਰਦਿਆਂ ਨੂੰ ਮਿਹਣਾ ਮਾਰਦਿਆਂ ਕਹਿੰਦੇ ਨੇ, ਐਨਾਂ ਇੱਜੜ ਇਕੱਠਾ ਕਰਕੇ ਤੁਸੀਂ ਮੇਰੀ ਬੇਇਜ਼ਤੀ ਕੀਤੀ ਹੈ। ਲਾ ਲਉ ਜ਼ੋਰ। ਮੈਂ ਨਹੀਂ ਨਸ਼ਾ ਕਰਨੋ ਹੱਟਦਾ। ਜੇ ਅੱਗੇ ਤੋਂ ਇਹੋ-ਜਿਹਾ ਕੁੱਝ ਕੀਤਾ ਤਾਂ ਫਾਹਾ ਲੈ ਕੇ ਮਰਜੂੰਗਾਂ। ਪਿੱਛੋਂ ਰੋਈ ਜਾਇਉ ਅੱਖਾਂ 'ਚ ਘਸੁੰਨ ਦੇ ਦੇ ਕੇ।

ਮਾਂ-ਬਾਪ ਦੇ ਇਕਲੌਤੇ ਪੁੱਤ ਦੀ ਫਾਹਾ ਲੈਣ ਦੀ ਧਮਕੀ ਸਾਹਮਣੇ ਉਹ ਬੇਬਸ ਹੋ ਜਾਂਦੇ ਨੇ। ਕਿਤੇ ਇਹੋ ਜਿਹਾ ਕਾਰਾ .........। ਸੋਚਦਿਆਂ ਹੀ ਮਾਂ ਵਾਹਿਗੁਰੂ-ਵਾਹਿਗੁਰੂ ਕਹਿ ਕੇ ਕਾਲਜੇ ਤੇ ਹੱਥ ਧਰ ਲੈਂਦੀ ਹੈ। ਐਦਾਂ ਦੇ ਹੀ ਇੱਕ ਨੌਜਵਾਨ ਨੂੰ ਉਸ ਦੇ ਮਾਪੇ ਅਤੇ ਪਤਨੀ ਨਸ਼ਾ ਛੁਡਾਊ ਕੇਂਦਰ ਵਿੱਚ ਲੈ ਆਏ। ਇਲਾਜ ਲਈ ਉਹ ਆਪਣੀ ਮਰਜ਼ੀ ਨਾਲ ਨਹੀਂ ਸੀ ਆਇਆ। ਪਤਨੀ ਦੀ ਇਹ ਧਮਕੀ ਮੈਂ ਬੱਚਿਆਂ ਨੂੰ ਲੈ ਕੇ ਪੇਕੀਂ ਵਗਜੂੰਗੀ, ਮੁੜਕੇ ਇਸ ਘਰ ਵਿੱਚ ਪੈਰ ਨਹੀਂ ਧਰਨਾ ਅੱਗੇ ਉਹ ਥੋੜ੍ਹਾ ਜਿਹਾ ਝੁੱਕ ਕੇ ਨਸ਼ਾ ਛੱਡਣ ਦੀ ਦਵਾਈ ਲੈਣ ਲਈ ਆ ਗਿਆ ਸੀ। ਜਦੋਂ ਉਸ ਨੌਜਵਾਨ ਦੀ ਫਾਇਲ ਤਿਆਰ ਹੋ ਰਹੀ ਸੀ, ਉਸ ਸਮੇਂ ਮਾਪਿਆਂ ਅਤੇ ਉਸ ਦੀ ਪਤਨੀ ਨੇ ਤਰਲੇ ਨਾਲ ਕਿਹਾ ਸੀ ਕਿ ਇਸ ਨੂੰ ਦਾਖ਼ਲ ਕਰ ਲਵੋ। ਘਰ ਜਾ ਕੇ ਤਾਂ ਇਹ ਪਹਿਲਾਂ ਵਾਂਗ ਹੀ ਨਸ਼ੇ ਡੱਫੂ। ਬਜ਼ੁਰਗ ਬਾਪ ਨੇ ਇਹ ਵੀ ਦੱਸਿਆ ਕਿ ਪਤਨੀ ਦੇ ਗਹਿਣੇ ਗੱਟੇ ਅਤੇ ਘਰ ਦਾ ਹੋਰ ਸਮਾਨ ਇਹ ਨਸ਼ਿਆਂ ਦੇ ਲੇਖੇ ਲਾ ਚੁੱਕਿਐ। ਹੁਣ ਜ਼ਮੀਨ ਤੇ ਅੱਖ ਐ। ਰੋਜ਼ ਗਹਿਣੇ ਕਰਨ ਲਈ ਝੱਜੂ ਪਾਉਂਦੈ, ਪਰ ਜ਼ਮੀਨ ਮੇਰੇ ਨਾਂ ਹੋਣ ਕਰਕੇ ਚਾਰ ਖੁੱਡ ਬਚੇ ਹੋਏ ਨੇ। ਨਹੀਂ ਤਾਂ........।

ਨੌਜਵਾਨ ਮੇਰੇ ਸਾਹਮਣੇ ਬੈਠਾ ਸੀ। ਜਦੋਂ ਉਸ ਨੂੰ ਦਾਖ਼ਲ ਹੋਣ ਲਈ ਕਿਹਾ ਗਿਆ ਤਾਂ ਉਸ ਨੇ ਪੈਰਾਂ ਤੇ ਪਾਣੀ ਨਹੀਂ ਪੈਣ ਦਿੱਤਾ। ਸ਼ਰੀਰਕ ਨਿਘਾਰ ਦੀ ਗੱਲ ਕੀਤੀ ਤਾਂ ਉਹਦਾ ਜਵਾਬ ਸੀ, ਸਭ ਨੇ ਇੱਕ ਦਿਨ ਮਰ ਜਾਣੈ, ਜੇ ਮੈਂ ਮਰਜੂੰ ਫਿਰ ਕੀ ਹੋਜੂ ? ਘਰ ਦੀ ਮੰਦਹਾਲੀ, ਬੱਚਿਆਂ ਦੇ ਭਵਿੱਖ, ਮਾਂ-ਬਾਪ ਅਤੇ ਪਤਨੀ ਦੀ ਦੁਰਦਸ਼ਾ ਦਾ ਜ਼ਿਕਰ ਸ਼ੁਣਦਿਆਂ ਉਹ ਥੋੜ੍ਹਾ ਜਿਹਾ ਗੰਭੀਰ ਹੋਇਆ ਪਰ ਫਿਰ ਲਾਪਰਵਾਹ ਜਿਹਾ ਹੋ ਕੇ ਕਿਹਾ ਤੁਸੀਂ ਦਵਾਈ ਦੇ ਦਿਉ ਜੀ ਮੈਨੂੰ। ਜਦੋਂ ਖਤਮ ਹੋ ਗਈ ਤਾਂ ਫਿਰ ਆ ਕੇ ਲੈ ਜੂ ਗਾ। ਥੋਡੇ ਨਾਲ ਵਾਅਦਾ ਕਿ ਅੱਗੇ ਤੋਂ................। ਖੈਰ ਪਤਨੀ, ਮਾਪਿਆਂ ਅਤੇ ਮੇਰੇ ਵੱਲੋਂ ਜ਼ੋਰ ਪਾਉਣ ਨਾਲ ਉਹ ਇਸ ਸ਼ਰਤ ਤੇ ਦਾਖ਼ਲ ਹੋ ਗਿਆ ਕਿ ਉਹ ਸਿਰਫ ਪੰਜ ਕੁ ਦਿਨ ਲਈ ਹੀ ਦਾਖ਼ਲ ਹੋਵੇਗਾ। ਨਸ਼ੱਈ ਦੀ ਸਹਿਮਤੀ ਉਸ ਦੇ ਇਲਾਜ਼ ਲਈ ਸਹਾਈ ਹੁੰਦੀ ਹੈ। ਦੂਜਾ ਜੇਕਰ ਉਹ ਆਪਣੀ ਚੀਚੀ ਫੜਾਉਂਦਾ ਹੈ ਤਾਂ ਉਹਦਾ ਗੁੱਟ ਫੜਨ ਦੀ ਪ੍ਰਬੰਧਕਾਂ ਨੂੰ ਜਾਚ ਵੀ ਹੋਣੀ ਚਾਹੀਦੀ ਹੈ। ਬਾਰ੍ਹਵੀਂ ਪਾਸ ਉਹ ਨੌਜਵਾਨ ਕਿਰਤ ਦੇ ਸੰਕਲਪ ਨਾਲੋਂ ਟੁੱਟ ਕੇ ਬੁਰੀ ਸੰਗਤ ਵਿੱਚ ਪੈ ਗਿਆ ਅਤੇ ਫਿਰ ਹਰ ਰੋਜ਼ 500-700 ਰੁਪਏ ਨਸ਼ਿਆਂ ਦੇ ਲੇਖੇ ਲਾਉਣ ਲੱਗ ਪਿਆ। ਨਸ਼ੇ ਲਈ ਪੈਸੇ ਨਾ ਮਿਲਣ ਤੇ ਉਹ ਪਤਨੀ ਦੀ ਮਾਰ-ਕੁੱਟ, ਮਾਂ-ਬਾਪ ਦੇ ਗਲ ਗੂਠਾ ਦੇਣ ਦੇ ਨਾਲ-ਨਾਲ ਹੋਰ ਨਜਾਇਜ਼ ਬੰਨ੍ਹ-ਸੁਭ ਕਰਕੇ ਨਸ਼ਿਆਂ ਦੀ ਪੂਰਤੀ ਕਰਦਾ ਸੀ। ਪਿੰਡ ਵਿੱਚ ਉਹ ਇੱਕ ਬਦਨਾਮ ਨਸ਼ੱਈ ਵਜੋਂ ਜਾਣਿਆ ਜਾਂਦਾ ਸੀ। ਨਿੱਜੀ ਅਨੁਭਵ ਦੇ ਆਧਾਰ ਤੇ ਲਿਖ ਰਿਹਾ ਹਾਂ ਕਿ ਨਸ਼ੱਈ ਜ਼ਿੰਦਗੀ ਦੇ ਖਲਨਾਇਕ ਨਹੀਂ, ਪੀੜਤ ਹਨ। ਇਨ੍ਹਾਂ ਨਾਲ ਪਿਆਰ ਅਤੇ ਅਪਣਤ ਵਾਲੇ ਵਰਤਾਉ ਰਾਹੀਂ ਸਾਰਥਕ ਨਤੀਜੇ ਸਾਹਮਣੇ ਆ ਸਕਦੇ ਨੇ। ਮਾਰ-ਧਾੜ ਨਾਲ ਤਾਂ ਇਹ ਹੋਰ ਹਿੰਸਕ ਹੋਣਗੇ। ਸ਼ਾਮ ਦੇ ਸਮੇਂ 2 ਘੰਟੇ ਦਾਖ਼ਲ ਮਰੀਜ਼ਾਂ ਨਾਲ ਕਾਉਂਸਲਿੰਗ ਕਰਨੀ ਮੇਰਾ ਨਿੱਤ ਨੇਮ ਸੀ। ਜਰਨੈਲ ਸਿੰਘ ਨਾਂ ਦੇ ਉਸ ਨੌਜਵਾਨ ਨੂੰ ਜਦੋਂ ਮੈਂ ਇਹ ਪੁੱਛਿਆ, ਹਾਂ ਜਰਨੈਲ, ਤੇਰੀ ਉਮਰ ਅੰਦਾਜ਼ਨ 35 ਕੁ ਸਾਲ ਹੈ। ਵਿਆਹਿਆ ਵਰ੍ਹਿਆ ਹੈਂ ਤੂੰ। ਸੋਚ ਕੇ ਦੱਸ ਕੀ ਤੂੰ ਆਪਣੀ ਪਤਨੀ ਦਾ ਚੰਗਾ ਪਤੀ ਬਣ ਸਕਿਆ ਹੈਂ ? ਉਸ ਨੇ ਨਿਰਾਸ਼ ਜਿਹਾ ਹੋ ਕੇ ਕਿਹਾ, ਨਹੀਂ ਸਰ। ਫਿਰ ਅਗਲਾ ਸਵਾਲ, ਕੀ ਆਪਣੇ ਮਾਂ-ਬਾਪ ਦਾ ਚੰਗਾ ਪੁੱਤ ਹੈਂ ? ਉਸ ਨੇ ਫਿਰ ਨਿਰਾਸ਼ ਜਿਹਾ ਹੋ ਕੇ ਨਾ ਵਿੱਚ ਸਿਰ ਹਿਲਾ ਦਿੱਤਾ। ਜਦੋਂ ਮੈਂ ਉਸ ਨੂੰ ਅਗਲਾ ਸਵਾਲ ਇਹ ਕੀਤਾ, ਤੂੰ ਦੋ ਮਾਸੂਮ ਬੱਚਿਆਂ ਦਾ ਬਾਪ ਹੈਂ। ਦਿਲ ਤੇ ਹੱਥ ਰੱਖ ਕੇ ਦੱਸ ਕੀ ਉਨ੍ਹਾਂ ਦਾ ਚੰਗਾ ਬਾਪ ਬਣ ਸਕਿਆ ਹੈਂ ? ਹੁਣ ਉਹਦੇ ਬੋਲ ਉਹਦਾ ਸਾਥ ਨਹੀਂ ਸਨ ਦੇ ਰਹੇ। ਆਪ ਮੁਹਾਰੇ ਵਹਿੰਦੇ ਅੱਥਰੂ ਹੀ ਉਸ ਦੇ ਮਨ ਦੀ ਸਥਿਤੀ ਦਾ ਵਰਨਣ ਕਰ ਰਹੇ ਸਨ। ਉਹਦੇ ਸਮੇਤ ਦਾਖ਼ਲ ਨਸ਼ੱਈ ਮਰੀਜ਼ਾਂ ਨੂੰ ਲੋੜ ਅਨੁਸਾਰ ਦਵਾਈ ਦੇਣ ਦੇ ਨਾਲ ਨਾਲ ਧਰਮ, ਸਾਹਿਤ ਅਤੇ ਕਿਰਤ ਦੇ ਸੰਕਲਪ ਨਾਲ ਜੋੜਨਾ ਮੁੱਖ ਮਕਸਦ ਰਿਹਾ। ਹਫ਼ਤਾ ਬੀਤਣ ਤੋਂ ਬਾਅਦ ਉਸ ਨੇ ਘਰ ਜਾਣ ਲਈ ਨਹੀਂ ਕਿਹਾ। ਰੋਜ਼ਾਨਾ ਨਿਸ਼ਚਿਤ ਸਮੇਂ ਤੇ ਉਹ ਇਕਾਗਰ ਬਿਰਤੀ ਨਾਲ ਪਾਠ ਵੀ ਕਰਦਾ। ਅਖ਼ਬਾਰ ਪੜ੍ਹਨ ਦੇ ਨਾਲ-ਨਾਲ ਕਿਤਾਬਾਂ ਪੜ੍ਹਨ ਵਿੱਚ ਵੀ ਉਸ ਦੀ ਰੁਚੀ ਵੱਧਦੀ ਗਈ। ਉਹ ਮੇਰੇ ਕੋਲੋਂ ਮੰਗ ਕੇ ਕਿਤਾਬ ਲੈਂਦਾ ਅਤੇ ਫਿਰ ਪੜ੍ਹੀ ਹੋਈ ਕਿਤਾਬ ਸਬੰਧੀ ਆਪਣੇ ਵਿਚਾਰ ਵੀ ਸਾਂਝੇ ਕਰਦਾ। ਦਿਨ ਬ ਦਿਨ ਉਹ ਨਸ਼ਾ ਰਹਿਤ ਹੋਣ ਲਈ ਯਤਨਸ਼ੀਲ ਰਿਹਾ। ਫਿਰ ਇੱਕ ਦਿਨ ਉਸ ਨੂੰ ਰਾਤ ਦੇ ਅੱਠ ਕੁ ਵਜੇ ਨਸ਼ੇ ਦੀ ਤੋੜ ਲੱਗੀ। ਮੌਕੇ ਅਨੁਸਾਰ ਉਸ ਨੂੰ ਦਵਾਈ ਦੇ ਦਿੱਤੀ ਗਈ। ਉਸਦੇ ਨਾਰਮਲ ਹੋਣ ਤੇ ਮੈਂ ਆਪਣੇ ਸਾਥੀ ਕਰਮਚਾਰੀਆਂ ਨੂੰ ਜ਼ਰੂਰੀ ਹਦਾਇਤਾਂ ਦੇ ਕੇ ਘਰ ਨੂੰ ਜਾਣ ਸਮੇਂ ਉਹਦੇ ਮੋਢੇ ਤੇ ਹੱਥ ਧਰ ਕੇ ਕਿਹਾ, ਪਰਵਾਹ ਨਾ ਕਰ। ਚੰਗਾ ਇਨਸਾਨ ਬਨਣ ਲਈ ਸ਼ਰੀਰਕ ਔਕੜਾਂ ਵੀ ਝੱਲਣੀਆਂ ਪੈਂਦੀਆਂ ਹਨ। ਜੇ ਕੋਈ ਰਾਤ ਨੂੰ ਦਿੱਕਤ ਆਈ ਤਾਂ ਮੈਂ ਫਿਰ ਘਰੋਂ ਆ ਜਾਵਾਂਗਾ। ਉਸ ਨੇ ਆਦਰ ਨਾਲ ਸਿਰ ਝੁਕਾ ਕੇ ਸਹਿਮਤੀ ਦਾ ਪ੍ਰਗਟਾਵਾ ਕੀਤਾ। ਰਾਤ ਦੇ ਸਾਢੇ ਕੁ ਅੱਠ ਵਜੇ ਸਕੂਟਰ ਤੇ ਘਰ ਆਉਂਦਿਆਂ ਮੈਂ ਉਹਦੇ ਬਾਰੇ ਹੀ ਸੋਚ ਰਿਹਾ ਸੀ। ਮਾਂ-ਬਾਪ ਦੀਆਂ ਝੁਰੜੀਆਂ ਭਰੇ ਚਿਹਰਿਆਂ ਤੇ ਵਹਿੰਦੇ ਅੱਥਰੂ, ਪਤਨੀ ਦਾ ਰੰਡੀਆਂ ਵਰਗਾ ਜੀਵਨ, ਮਾਸੂਮ ਬੱਚਿਆਂ ਦਾ ਰੁਲਦਾ ਬਚਪਨ...... ਮੇਰੇ ਸਾਹਮਣੇ ਆ ਰਿਹਾ ਸੀ। ਮੈਂ ਸੋਚਾਂ ਵਿੱਚ ਐਨ੍ਹਾਂ ਖੁੱਭ ਗਿਆ ਕਿ ਪਤਾ ਹੀ ਨਹੀਂ ਲੱਗਿਆ ਕਿ ਕਦੋਂ ਮੇਰਾ ਸਕੂਟਰ ਸੜਕ ਤੇ ਪਏ ਰੋੜਿਆਂ ਦੇ ਉੱਪਰ ਚੜ੍ਹ ਗਿਆ ਅਤੇ ਮੈਂ ਮੂਧੇ ਮੂੰਹ ਰੋੜਿਆਂ ਤੇ ਡਿੱਗ ਗਿਆ। ਰਾਹ ਜਾਂਦੇ ਰਾਹਗੀਰਾਂ ਨੇ ਸੰਭਾਲ ਲਿਆ। ਮੇਰੇ ਕਰਮਚਾਰੀ ਅਤੇ ਪਰਿਵਾਰਕ ਮੈਂਬਰ ਪਹੁੰਚ ਗਏ। ਲਾਗੇ ਹੀ ਆਰਥੋ ਸਰਜਨ ਦੇ ਕਲੀਨਿਕ ਤੇ ਐਕਸਰੇ ਵਗੈਰਾ ਕਰਵਾਉਣ ਉਪਰੰਤ ਪਤਾ ਲੱਗਿਆ ਕਿ ਮੋਢਾ ਫਰੈਕਚਰ ਹੋ ਗਿਆ ਸੀ। ਡਾਕਟਰ ਵੱਲੋਂ ਲੋੜੀਂਦਾ ਇਲਾਜ ਕਰਨ ਉਪਰੰਤ 15 ਦਿਨ ਲਈ ਬੈੱਡ ਰੈਸਟ ਦੀ ਸਲਾਹ ਦੇ ਦਿੱਤੀ ਗਈ। ਘਰ ਮੰਜੇ ਤੇ ਪਿਆ ਸੀ। ਮੈਂ ਸਟਾਫ ਤੋਂ ਦਾਖ਼ਲ ਨੌਜਵਾਨਾਂ ਦਾ ਪਤਾ ਕਰਦਾ ਰਹਿੰਦਾ ਸੀ। ਗੱਲਾਂ ਬਾਤਾਂ ਵਿੱਚ ਉਹ ਜਰਨੈਲ ਸਿੰਘ ਸਬੰਧੀ ਦੱਸਦਿਆਂ ਕਹਿੰਦੇ, ਹੁਣ ਤਾਂ ਠੀਕ ਹੈ ਜੀ, ਪਰ ਥੋਨੂੰ ਬਹੁਤ ਯਾਦ ਕਰਦੈ। ਚਿੰਤਾ ਵੀ ਕਰਦੈ ਥੋਡੀ। ਸਟਾਫ ਮੈਂਬਰਾਂ ਦੇ ਇਹ ਸ਼ਬਦ ਮੈਨੂੰ ਇਸ ਕਰਕੇ ਸਕੂਨ ਦਿੰਦੇ ਕਿ ਜ਼ਿੰਦਗੀ ਤੋਂ ਥਿੜਕੇ ਵਿਅਕਤੀ ਨੂੰ ਰਿਸ਼ਤਿਆਂ ਦੀ ਪਹਿਚਾਣ ਦੇ ਨਾਲ-ਨਾਲ ਰਿਸ਼ਤੇ ਨਿਭਾਉਣ ਦਾ ਸਲੀਕਾ ਵੀ ਆ ਗਿਆ ਹੈ। ਠੀਕ ਹੋਣ ਉਪਰੰਤ ਜਿਸ ਦਿਨ ਜਰਨੈਲ ਸਿੰਘ ਨੂੰ ਘਰ ਭੇਜਣਾ ਸੀ, ਮੈਂ ਉਸ ਦਿਨ ਡਾਕਟਰ ਦੀ ਹਦਾਇਤ ਅਨੁਸਾਰ ਮੰਜੇ ਤੇ ਪਿਆ ਸੀ। ਮਾਂ-ਬਾਪ ਅਤੇ ਪਤਨੀ ਉਸ ਨੂੰ ਲੈਣ ਆਏ ਸਨ। ਉਹ ਸਾਰਿਆਂ ਨੂੰ ਬਹੁਤ ਹੀ ਸਤਿਕਾਰ ਅਤੇ ਸਲੀਕੇ ਨਾਲ ਮਿਲਿਆ। ਪਰ ਉਸਨੇ ਇਹ ਕਹਿ ਕੇ ਘਰ ਜਾਣ ਤੋਂ ਇਨਕਾਰ ਕਰ ਦਿੱਤਾ ਕਿ ਮੇਰੇ ਸਰ ਮੰਜੇ ਤੇ ਪਏ ਹਨ। ਜਿਸ ਦਿਨ ਉਹ ਡਿਊਟੀ ਤੇ ਹਾਜ਼ਰ ਹੋ ਕੇ ਮੈਨੂੰ ਭੇਜਣਗੇ, ਮੈਂ ਉਸ ਦਿਨ ਹੀ ਜਾਵਾਂਗਾ। ਮਾਪਿਆਂ ਵੱਲੋਂ ਮੈਨੂੰ ਫੋਨ ਕੀਤਾ ਗਿਆ ਕਿ ਜਰਨੈਲ ਤੁਹਾਡੇ ਬਿਨਾਂ ਨਹੀਂ ਜਾਂਦਾ। ਉਂਜ ਇਹਨੂੰ ਬਿਲਕੁੱਲ ਠੀਕ-ਠਾਕ ਦੇਖ ਕੇ ਸਾਨੂੰ ਸੁੱਖ ਦਾ ਸਾਹ ਆਇਐ। ਬਹੁਤ ਖੁਸ਼ ਹਾਂ ਅਸੀਂ। ਉਹਨਾਂ ਦੇ ਇਹਨਾਂ ਬੋਲਾਂ ਨਾਲ ਮੈਂ ਆਪ ਮੁਹਾਰੇ ਮੰਜੇ ਤੋਂ ਉੱਠਿਆ,ਸਟਾਫ ਮੈਂਬਰ ਨੂੰ ਟੈਲੀਫੋਨ ਕੀਤਾ ਕਿ ਮੈਨੂੰ ਆ ਕੇ ਲੈ ਜਾਉ। ਨਸ਼ਾ ਛੁਡਾਊ ਕੇਂਦਰ ਵਿੱਚ ਜਾ ਕੇ ਜਦੋਂ ਮੈਂ ਜਰਨੈਲ ਸਮੇਤ ਸਾਰੇ ਮਰੀਜਾਂ ਨੂੰ ਮਿਲਿਆ ਤਾਂ ਉਹਨਾਂ ਨੇ ਮੇਰੇ ਆਲੇ-ਦੁਆਲੇ ਘੇਰਾ ਜਿਹਾ ਪਾ ਕੇ ਸਤਿਕਾਰ ਨਾਲ ਹਾਲ-ਚਾਲ ਪੁੱਛਿਆ। ਜਰਨੈਲ ਦੇ ਚਿਹਰੇ ਵੱਲ ਦੇਖਿਆ। ਤੰਦਰੁਸਤ ਚਿਹਰੇ ਤੇ ਮੇਰੇ ਪ੍ਰਤੀ ਚਿੰਤਾ ਦੇ ਨਿਸ਼ਾਨਾਂ ਚੋਂ ਅਪਣਤ ਅਤੇ ਸਤਿਕਾਰ ਡੁੱਲ-ਡੁੱਲ ਪੈਂਦਾ ਸੀ। ਮੈਨੂੰ ਸਿਜ਼ਦਾ ਕਰਦਿਆਂ ਉਹ ਕਹਿ ਰਿਹਾ ਸੀ, ਸਰ ਥੋਡੇ ਕਰਕੇ ਮੈਨੂੰ ਇੱਕ ਨਵਾਂ ਜੀਵਨ ਮਿਲਿਐ। ਨਹੀਂ ਤਾਂ ਹੁਣ ਨੂੰ ਮੇਰੀ ਫੋਟੋ ਤੇ ਹਾਰ ਪਾਇਆ ਹੁੰਦਾ। ਉਸ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਭਵਿੱਖ ਵਿੱਚ ਇੱਕ ਚੰਗਾ ਇਨਸਾਨ ਬਨਣ ਦੇ ਸੁਨੇਹੇ ਨਾਲ ਉਸ ਨੂੰ ਵਿਦਾਅ ਕਰ ਦਿੱਤਾ। ਅੱਠ ਕੁ ਮਹੀਨੇ ਬਾਅਦ ਉਹਦਾ ਟੈਲੀਫੋਨ ਆਇਆ। ਉਹਦੇ ਬੋਲਾਂ ਵਿੱਚ ਅੰਤਾਂ ਦਾ ਉਤਸਾਹ ਸੀ। ਸਰ ਹੁਣ ਸਾਰੇ ਪਿਛਲੇ ਭਾਂਗੇ ਕੱਢਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਕਾਰੋਬਾਰ ਮੈਂ ਸੰਭਾਲ ਲਿਆ ਹੈ। ਖੇਤੀਬਾੜੀ ਆਪ ਕਰਦਾ ਹਾਂ। ਚਾਰ ਮੈਸਾਂ ਵੀ ਰੱਖੀਆਂ ਹੋਈਆਂ ਨੇ। ਡਾਇਰੀ ਤੇ ਦੁੱਧ ਪਾ ਦਈਦੈ। ਲਹਿਰਾਂ ਬਹਿਰਾਂ ਨੇ ਘਰ ਵਿੱਚ। ਬਾਪੂ-ਬੇਬੇ, ਘਰਵਾਲੀ ਅਤੇ ਬੱਚੇ ਸਭ ਬਾਗੋ-ਬਾਗ ਨੇ। ਹਾਂ ਸਰ, ਜਿਹੜੀਆਂ ਤੁਸੀਂ ਬਾਬਾ ਨਜ਼ਮੀਂ ਦੀਆਂ ਲਾਇਨਾਂ ਬਾਰ-ਬਾਰ ਸਾਨੂੰ ਸੁਣਾਉਂਦੇ ਹੁੰਦੇ ਸੀ, ਉਹ ਮੈਂ ਸੌਣ ਵਾਲੇ ਕਮਰੇ ਵਿੱਚ ਲਿਖ ਕੇ ਲਾਈਆਂ ਹੋਈਆਂ ਨੇ। ਰੋਜ਼ ਤੜਕੇ ਉੱਠਣ ਸਾਰ ਪੜ੍ਹਦਾਂ। ਫਿਰ ਉਸ ਨੇ ਉਹਨਾਂ ਸ਼ਬਦਾਂ ਨੂੰ ਦੁਹਰਾਇਆ :-

**ਬੇ ਹਿੰਮਤੇ ਨੇ ਜਿਹੜੇ ਬਹਿ ਕੇ**
**ਸ਼ਿਕਵਾ ਕਰਨ ਮੁਕੱਦਰਾਂ ਦਾ।**
**ਉੱਗਣ ਵਾਲੇ ਉੱਗ ਪੈਂਦੇ ਨੇ**
**ਸੀਨਾ ਪਾੜ ਕੇ ਪੱਥਰਾਂ ਦਾ।**

ਉਹਦੇ ਉਤਸਾਹ ਭਰੇ ਬੋਲ ਮਨ ਨੂੰ ਡਾਢਾ ਹੀ ਸਕੂਨ ਦੇ ਰਹੇ ਸਨ।

# ਅੱਠ ਗੁਰੂ ਸਾਹਿਬਾਨਾਂ ਦੀ ਵਰੋਸਾਈ ਨਗਰੀ ਖਡੂਰ ਸਾਹਿਬ ਦੀ ਮਹਿਮਾ

ਬੜਾ ਰੌਲ਼ਾ ਪੈਂਦੈ ਕਿ ਪੰਜਾਬ ਦੀ ਜਵਾਨੀ ਨਸ਼ਿਆਂ ਨੇ ਖਾ ਲੀ, ਬੜਾ ਪਰਚਾਰ ਹੁੰਦੈ ਕਿ ਪੰਜਾਬ ਤਬਾਹ ਹੋ ਰਿਹੈ, ਬੜੀ ਚਿੰਤਾ ਜਤਾਈ ਜਾ ਰਹੀ ਹੈ ਕਿ ਪੰਜਾਬ ਅੰਦਰ ਰੁਜ਼ਗਾਰ ਦੇ ਸਾਧਨ ਨਹੀਂ ਰਹੇ, ਬੜੇ ਖ਼ਦਸ਼ੇ ਜ਼ਾਹਿਰ ਕੀਤੇ ਜਾ ਰਹੇ ਨੇ ਕਿ ਪੰਜਾਬ ਦਾ ਵਾਤਾਵਰਣ ਗੰਧਲਾ ਹੋ ਰਿਹੈ, ਕਿ ਪ੍ਰਦੂਸ਼ਣ ਤੋਂ ਬਚਣ ਲਈ ਕੋਈ ਉਪਰਾਲਾ ਨਹੀਂ ਹੋ ਰਿਹਾ, ਬੜਾ ਗੁਮਰਾਹਕੁਨ ਭਰਮ ਫੈਲਾਇਆ ਜਾ ਰਿਹੈ ਕਿ ਨੌਜਵਾਨੀ ਨੂੰ ਕਿਤੋਂ ਕੋਈ ਸੇਧ ਨਹੀਂ ਮਿਲ ਰਹੀ। ਕਿਸੇ ਹੱਦ ਤੱਕ ਇਹ ਸਭ ਵਾਜਬ ਹੈ, ਮੰਨਣਯੋਗ ਹੋ ਸਕਦੈ, ਪਰ ਅਫਸੋਸ ਤਾਂ ਇਸ ਗੱਲ ਦਾ ਹੈ ਕਿ ਜੋ ਕਮਾਲ ਦੇ ਉਪਰਾਲੇ ਹੋ ਰਹੇ ਨੇ ਉਨ੍ਹਾਂ ਬਾਰੇ ਕੁਛ ਨਹੀਂ ਕਿਹਾ, ਲਿਖਿਆ ਜਾਂ ਦੱਸਿਆ ਜਾ ਰਿਹਾ। ਧਰਮ, ਗਿਆਨ, ਵਿੱਦਿਆ, ਸਿੱਖਿਆ, ਸਿਖਲਾਈ, ਵਾਤਾਵਰਣ ਦੇ ਖੇਤਰਾਂ ਵਿਚ ਜੋ ਸੂਰਜ ਲਿਸ਼ਕਾਂ ਮਾਰ ਰਿਹੈ, ਉਹ ਇੱਕ ਹੈਰਾਨ ਕਰਨ ਵਾਲੀ ਮਿਸਾਲ ਹੈ, ਹੌਸਲਾ ਵਧਾਊ ਉਮੀਦ ਵੀ ਹੈ, ਗੌਰਵ ਕਰਨ ਵਾਲੀ ਵੀ ਹੈ। ਇਹ ਹੈ ਅੱਠ ਗੁਰੂ ਸਾਹਿਬਾਨਾਂ ਦੀ ਵਰੋਸਾਈ, ਤਰਨਤਾਰਨ ਜ਼ਿਲੇ ਵਿਚ ਖਡੂਰ ਸਾਹਿਬ ਦੀ ਪਾਵਨ ਧਰਤੀ, ਜਿੱਥੇ ਕਾਰ ਸੇਵਾ ਵਾਲੇ ਮਹਾਂਪੁਰਸ਼ ਬਾਬਿਆਂ ਦੀ ਸਰਪ੍ਰਸਤੀ ਅਤੇ ਯੋਗ ਅਗਵਾਈ ਹੇਠ ਅਨੇਕਾਂ ਹੈਰਾਨਕੁਨ ਕਾਰਜ ਅਰੰਭੇ ਗਏ, ਸਿਰੇ ਚੜ੍ਹਾਏ ਗਏ ਤੇ ਲਗਾਤਾਰ ਜਾਰੀ ਹਨ। ਇਸੇ ਬਾਰੇ ਮਿਸਾਲ ਦੇ ਤੌਰ ਤੇ ਝਾਤ ਪੁਆਉਣ ਦਾ ਨਿਮਾਣਾ ਜਿਹਾ ਯਤਨ ਹੈ ਤਾਂ ਕਿ ਉਪ੍ਰੋਕਤ ਤਸਵੀਰ ਦਾ ਦੂਜਾ ਪਾਸਾ ਵੀ ਸਾਹਮਣੇ ਆ ਸਕੇ। ਤਾਂ ਕਿ ਨਿਰਾਸਤਾ ਦਾ ਮਾਹੌਲ ਤੋੜਿਆ ਜਾ ਸਕੇ। ਬੱਸ ਲੋੜ ਹੈ ਇਸ ਮਿਸਾਲ ਨੂੰ ਪੰਜਾਬ ਦੇ ਹਰੇਕ ਵੱਡੇ ਕਸਬੇ ਤੱਕ ਪੁਚਾਉਣ ਦੀ।

ਪਿਛੋਕੜ - ਇਤਿਹਾਸਕਾਰ ਐਚ. ਏ. ਰੋਜ਼ ਦਾ ਮੰਨਣਾ ਹੈ ਕਿ ਤੇਰ੍ਹਵੀਂ ਸਦੀ ਵਿਚ ਏਥੇ ਸਿੱਧੂ ਗੋਤ ਦੇ ਜੱਟ ਰਹਿੰਦੇ ਸਨ, ਜਦੋਂ ਮੁਲਤਾਨ ਜ਼ਿਲੇ ਦੇ ਕਬੀਰਵਾਲ ਤੋਂ ਉੱਠ ਕੇ ਖਹਿਰਾ ਗੋਤ ਦੇ ਜੱਟ ਏਥੇ ਆ ਵਸੇ ਸਨ। ਉਸ ਮਗਰੋਂ ਇਸ ਨਗਰ ਨੂੰ 'ਖਹਿਰਿਆਂ ਦਾ ਖਡੂਰ'ਵੀ ਕਿਹਾ ਜਾਣ ਲੱਗਿਆ। ਬਿਆਸ ਦਰਿਆ ਦੇ ਲਵੇ ਹੋਣ ਕਰ ਕੇ ਪਹਿਲਾਂ ਕਦੇ ਇਹ ਨਗਰ ਕਈ ਵਾਰ ਖੰਡਰ ਹੋਇਆ ਕਿਹਾ ਜਾਂਦਾ ਹੈ। ਏਥੇ ਖਹਿਰਿਆਂ ਅਤੇ ਕੰਗਾਂ ਦੀਆਂ ਆਪਸੀ ਲੜਾਈਆਂ ਹੋਈਆਂ ਦੱਸੀਆਂ ਜਾਂਦੀਆਂ ਹਨ। ਗੁਰੂ ਨਾਨਕ ਦੇਵ ਜੀ ਦੇ ਵਿਆਹ ਵੇਲੇ ਬਰਾਤ ਸੁਲਤਾਨ ਪੁਰ ਲੋਧੀ ਤੋਂ ਚੱਲ ਕੇ ਬਿਆਸ ਦਰਿਆ ਪਾਰ ਕਰ ਕੇ ਬਟਾਲਾ ਰਵਾਨਾ ਹੋਣ ਤੋਂ ਪਹਿਲਾਂ ਇਸ ਥਾਂ ਤੇ ਠਹਿਰੀ ਸੀ। ਇਸ ਨਗਰ ਦੇ ਨਿਵਾਸੀ ਮਾਈ ਭਰਾਈ ਜੀ ਅਤੇ ਭਾਈ ਜੋਧ ਸਿੰਘ ਜੀ ਖਹਿਰਾ ਗੁਰੂ ਨਾਨਕ ਦੇਵ ਜੀ ਦੇ ਸ਼ਰਧਾਲੂ ਸਨ। ਇਸ ਅਸਥਾਨ ਦੀ ਮਹਿਮਾ ਗੁਰੂ ਅੰਗਦ ਦੇਵ ਜੀ ਦੇ ਏਥੇ ਵੱਸਣ ਅਤੇ ਸਿੱਖੀ ਦਾ ਪਰਚਾਰ ਕਰਨ ਨਾਲ ਜੁੜੀ ਹੋਈ ਹੈ। ਉਨ੍ਹਾਂ ਦਾ ਪਹਿਲਾ ਨਾਂ ਲਹਿਣਾ ਸੀ। ਗੁਰੂ ਨਾਨਕ ਦੇਵ ਜੀ ਨੇ 1539 ਈਸਵੀ ਵਿਚ ਗੁਰਗੱਦੀ ਨਿਵਾਜ ਕੇ ਨਾਂ ਅੰਗਦ ਦੇਵ ਰੱਖਿਆ ਅਤੇ ਭਾਈ ਸੰਤੋਖ ਸਿੰਘ ਅਨੁਸਾਰ ਬਚਨ ਕੀਤੇ -ਬਸਹੁ ਖਡੂਰ ਤਹਾ ਹਮ ਆਵੈ। ਪੰਜ ਦਿਨ ਬਾਦ ਅੱਸੂ ਸੁਦੀ ਦਸਵੀਂ, ਸੰਮਤ1596 ਨੂੰ ਗੁਰੂ ਨਾਨਕ ਦੇਵ ਜੀ ਜੋਤੀ ਜੋਤ ਸਮਾ ਗਏ। ਗੁਰੂ ਅੰਗਦ ਦੇਵ ਜੀ ਖਡੂਰ ਸਾਹਿਬ ਆ ਵਸੇ।

ਦਿਤਾ ਛੋੜਿ ਕਰਤਾਰ ਪੁਰ ਬੈਠਿ ਖਡੂਰੇ ਜੋਤਿ ਜਗਾਈ। (ਭਾਈ ਗੁਰਦਾਸ ਜੀ)

ਏਥੇ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੇ ਸਿਧਾਂਤਾਂ ਨੂੰ ਅਮਲੀ ਰੂਪ ਦੇ ਕੇ ਪਰਚਾਰ ਕਰ



ਕੇ ਖਡੂਰ ਸਾਹਿਬ ਨੂੰ ਸਿੱਖੀ ਦਾ ਕੇਂਦਰ ਬਣਾ ਦਿੱਤਾ। ਏਥੇ ਹੀ ਲੰਗਰ ਸੰਸਥਾ ਦਾ ਵਿਕਾਸ, ਮੱਲ ਅਖਾੜੇ ਦੀ ਸਿਰਜਣਾ, ਗੁਰਬਾਣੀ ਦੀ ਸੰਭਾਲ਼, ਭਾਈ ਬਾਲਾ ਜੀ ਤੋਂ ਸੁਣ ਕੇ ਜਨਮ ਸਾਖੀ ਲਿਖਵਾਉਣਾ, ਗੁਰਮੁਖੀ ਲਿਪੀ ਦਾ ਵਿਕਾਸ ਤੇ ਸੁਧਾਰ ਵਰਗੇ ਮਹਾਨ ਕਾਰਜ ਕੀਤੇ। 26 ਮਾਰਚ, 1552 ਨੂੰ ਗੁਰੂ ਜੀ ਦੀ ਆਗਿਆ ਮੰਨ ਕੇ ਬਾਬਾ ਬੁੱਢਾ ਜੀ ਨੇ ਬਾਬਾ ਅਮਰ ਦਾਸ ਨੂੰ ਗੁਰਿਆਈ ਦਾ ਤਿਲਕ ਲਗਾਇਆ ਤੇ ਗੁਰੂ ਅਮਰ ਦਾਸ ਜੀ ਤੀਜੇ ਗੁਰੂ ਬਣੇ। ਤਿੰਨ ਦਿਨ ਪਿੱਛੋਂ 29 ਮਾਰਚ ਨੂੰ ਗੁਰੂ ਅੰਗਦ ਦੇਵ ਜੀ ਜੋਤੀ ਜੋਤ ਸਮਾ ਗਏ। ਗੁਰੂ ਅਮਰ ਦਾਸ ਜੀ ਨੇ 22 ਸਾਲ ਗੁਰਗੱਦੀ ਸੰਭਾਲ਼ੀ ਤੇ ਸਿੱਖੀ ਦਾ ਪਰਚਾਰ ਕਰ ਕੇ ਧਰਮ ਕਾਰਜਾਂ ਨੂੰ ਅੱਗੇ ਵਧਾਇਆ। ਇਸ ਸਮੇਂ ਅਤੇ ਇਸ ਤੋਂ ਮਗਰੋਂ ਗੁਰੂ ਰਾਮ ਦਾਸ, ਗੁਰੂ ਅਰਜਨ ਦੇਵ, ਗੁਰੂ ਹਰਿਗੋਬਿੰਦ, ਗੁਰੂ ਹਰਿ ਰਾਏ ਅਤੇ ਗੁਰੂ ਤੇਗ ਬਹਾਦਰ ਸਾਹਿਬ ਨੇ ਅੱਡੋ ਅੱਡ ਮੌਕਿਆਂ ਤੇ ਖਡੂਰ ਸਾਹਿਬ ਵਿਖੇ ਚਰਨ ਪਾਏ ਅਤੇ ਨਗਰ ਦੀ ਸ਼ੋਭਾ ਵਧਾਈ।

ਖਡੂਰ ਸਾਹਿਬ ਦੇ ਮਹਾਨ ਸਿੱਖ - ਚਮਕੌਰ ਗੜ੍ਹੀ ਦੀ ਜੰਗ ਵਿਚ ਸ਼ਹੀਦ ਹੋਣ ਵਾਲੇ ਸਿੰਘਾਂ ਵਿਚ ਤਿੰਨ ਸਿੰਘ ਭਾਈ ਪੰਜਾਬ ਸਿੰਘ, ਭਾਈ ਦਮੋਦਰ ਸਿੰਘ ਅਤੇ ਭਾਈ ਭਗਵਾਨ ਸਿੰਘ ਖਡੂਰ ਸਾਹਿਬ ਦੇ ਵਾਸੀ ਸਨ। ਖਿਦਰਾਣੇ ਦੀ ਢਾਬ (ਮੁਕਤਸਰ ) ਦੀ ਜੰਗ ਵਿਚ ਸ਼ਹੀਦ ਹੋਣ ਵਾਲੇ ਚਾਲੀ ਮੁਕਤਿਆਂ ਵਿੱਚੋਂ ਦੋ ਖਡੂਰ ਸਾਹਿਬ ਤੋਂ ਸਨ। ਤਖ਼ਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਖੇ ਗੁਰੂ ਗੋਬਿੰਦ ਸਿੰਘ ਜੀ ਦੇ ਮੁਖਾਰਬਿੰਦ ਤੋਂ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨ ਬਾਣੀ ਸਰਵਣ ਕਰ ਕੇ ਬ੍ਰਹਮ ਗਿਆਨ ਦੀ ਪ੍ਰਾਪਤੀ ਕਰਨ ਵਾਲੇ 48 ਸਿੰਘਾਂ ਵਿੱਚੋਂ ਤਿੰਨ ਸਿੰਘ ਭਾਈ ਬਿਨੋਦ ਸਿੰਘ, ਭਾਈ ਕਾਹਨ ਸਿੰਘ(ਦੋਵੇਂ ਪਿਉ ਪੁੱਤਰ) ਅਤੇ ਭਾਈ ਮੇਵਾ ਸਿੰਘ ਖਡੂਰ ਵਾਸੀ ਸਨ। ਪਹਿਲੇ ਦੋਵੇਂ ਉਨ੍ਹਾਂ ਪੰਜ ਪਿਆਰਿਆਂ ਵਿਚ ਸਨ ਜਿੰਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਨਾਂਦੇੜ ਸਾਹਿਬ ਤੋਂ ਬੰਦਾ ਸਿੰਘ ਬਹਾਦਰ ਨਾਲ ਤੋਰਿਆ ਸੀ। ਮਾਰਚ 1746 ਈ. ਵਿਚ ਗੁਰਦਾਸ ਨੰਗਲ ਦੀ ਗੜ੍ਹੀ ਵਿਚ ਬਾਬਾ ਬੰਦਾ ਸਿੰਘ ਬਹਾਦਰ ਨਾਲ ਫੜੇ ਜਾਣ ਵਾਲੇ ਸਿੰਘਾਂ ਵਿਚ 15 ਸਿੰਘ ਖਡੂਰ ਸਾਹਿਬ ਦੇ ਸਨ ਜਿੰਨ੍ਹਾਂ ਨੂੰ ਦਿੱਲੀ ਵਿਚ ਸ਼ਹੀਦ ਕੀਤਾ ਗਿਆ। ਮਿਸਲਾਂ ਦੇ ਸਮੇ ਖਡੂਰ ਸਾਹਿਬ ਆਹਲੂਵਾਲੀਆ ਮਿਸਲ ਦਾ ਹਿੱਸਾ ਰਿਹਾ। ਅੱਜ ਕੱਲ੍ਹ ਇਹ ਨਗਰ ਤਹਿਸੀਲ ਹੈੱਡਕੁਆਟਰ, ਲੋਕ ਸਭਾ ਹਲਕਾ ਅਤੇ ਵਿਧਾਨ ਸਭਾ ਹਲਕਾ ਹੈ।

ਕਾਰ ਸੇਵਾ ਦਾ ਧੁਰਾ - ਖਡੂਰ ਸਾਹਿਬ ਵਿਖੇ ਗੁਰੂਆਂ ਦੀ ਪ੍ਰਥਾ ਨੂੰ ਅੱਗੇ ਤੋਰਦਿਆਂ ਬਾਬਾ ਗੁਰਮੁਖ ਸਿੰਘ, ਸੰਤ ਬਾਬਾ ਸਾਧੂ ਸਿੰਘ, ਸੰਤ ਬਾਬਾ ਝੰਡਾ ਸਿੰਘ, ਸੰਤ ਬਾਬਾ ਉੱਤਮ ਸਿੰਘ ਜੀ ਨੇ ਲਗਾਤਾਰ ਜਾਰੀ ਰੱਖਿਆ ਤੇ ਵਿਸਤਾਰ ਕੀਤਾ। ਅੱਜ ਕੱਲ੍ਹ ਬਾਬਾ ਸੇਵਾ ਸਿੰਘ ਜੀ ਕਾਰ ਸੇਵਾ ਨੂੰ ਬਹੁਤ ਵੱਡੇ ਪੱਧਰ ਤੇ ਬਹੁ-ਪੱਖੀ, ਬਹੁ ਦਿਸ਼ਾਵੀ, ਬਹੁ-ਕਾਰਜੀ ਅਤੇ ਸਮੁੱਚੀ ਮਾਨਵਤਾ ਨੂੰ ਸਮਰਪਿਤ ਬਣਾ ਕੇ ਨਿਭਾ ਰਹੇ ਹਨ।

ਯਾਦਗਾਰੀ ਗੁਰਧਾਮ - ਖਡੂਰ ਸਾਹਿਬ ਦੇ ਇਹ ਧਾਰਮਿਕ ਅਸਥਾਨ ਤੇ ਇਮਾਰਤਾਂ ਸੰਗਤਾਂ ਦੀ ਸ਼ਰਧਾ ਦਾ ਕੇਂਦਰ ਬਣੇ ਹੋਏ ਹਨ - ਗੁਰਦੁਆਰਾ ਅੰਗੀਠਾ ਸਾਹਿਬ, ਗੁ. ਖੱਡੀ ਸਾਹਿਬ, ਖੂਹ ਬੀਬੀ ਅਮਰੋ ਜੀ, ਗੁ. ਥੜ੍ਹਾ ਸਾਹਿਬ, ਗੁ. ਮਾਈ ਭਰਾਈ, ਗੁ. ਮੱਲ ਅਖਾੜਾ ਸਾਹਿਬ, ਗੁ. ਸਿਲ ਸਾਹਿਬ, ਗੁ. ਤਪਿਆਣਾ ਸਾਹਿਬ, ਸਮਾਧ ਭਾਈ ਬਾਲਾ ਜੀ, ਯਾਦਗਾਰ ਬਾਬਾ ਸਾਧੂ ਸਿੰਘ ਜੀ, ਗੁ. ਮਾਤਾ ਖੀਵੀ ਜੀ (ਸੰਘਰ ਕੋਟ ਵਿਚ), ਲੰਗਰ ਮਾਤਾ ਖੀਵੀ ਜੀ, ਨਿਰਮਲ ਆਸ਼ਰਮ ਤੇ ਨਿਸ਼ਾਨ-ਏ-ਸਿੱਖੀ।

ਵਿੱਦਿਆ ਦੇ ਚਾਨਣ ਮੁਨਾਰੇ - ਕਾਰ ਸੇਵਾ ਖਡੂਰ ਸਾਹਿਬ ਦੀ ਸਰਪ੍ਰਸਤੀ ਹੇਠ ਚੱਲ ਰਹੀ ਵਿੱਦਿਅਕ ਸੰਸਥਾ 'ਨਿਸ਼ਾਨ-ਏ-ਸਿੱਖੀ' ਅਧੀਨ ਕਈ ਸ਼ਾਨਦਾਰ ਸੰਸਥਾਵਾਂ ਵਿੱਦਿਆ ਅਤੇ ਸਿਖਲਾਈ ਦੇ ਖੇਤਰ ਵਿਚ ਵਡਮੁੱਲਾ ਯੋਗਦਾਨ ਪਾ ਰਹੀਆਂ ਹਨ।

ਸ੍ਰੀ ਗੁਰੂ ਅੰਗਦ ਦੇਵ ਇੰਸਟੀਚਿਊਟ ਆਫ ਰਿਲੀਜੀਅਸ ਸਟੱਡੀਜ਼ - 2009 ਤੋਂ ਸ਼ੁਰੂ ਇਸ ਸੰਸਥਾ ਵਿਚ ਗੁਰਮਤਿ ਅਧਿਐਨ, ਸਿੱਖੀ ਦੇ ਪਰਚਾਰ, ਪਾਸਾਰ ਅਤੇ ਅਕਾਦਮਿਕ ਖੋਜ ਖੇਤਰ ਵਿਚ ਜ਼ਿਕਰਯੋਗ ਕੰਮ ਹੋ ਰਿਹਾ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਬੀ.ਏ., ਐਮ.ਏ. ਅਤੇ ਪੰਜ ਸਾਲਾ ਪੋਸਟ ਗ੍ਰੈਜੂਏਟ ਗੁਰਮਤਿ ਡਿਪਲੋਮਾ ਕਰਵਾਇਆ ਜਾਂਦਾ ਹੈ। ਧਰਮ ਅਧਿਐਨ, ਇਤਿਹਾਸ, ਧਰਮ ਦਰਸ਼ਨ ਅਤੇ ਗੁਰਮਤਿ ਦਰਸ਼ਨਦਾ ਅਧਿਐਨ ਕਰਵਾਇਆ ਜਾਂਦਾ ਹੈ। ਏਥੋਂ ਸਿੱਖਿਆ ਪ੍ਰਾਪਤ ਵਿਦਿਆਰਥੀ ਵੱਖੋ ਵੱਖ ਖੇਤਰਾਂ ਵਿਚ ਮਹੱਤਵਪੂਰਨ ਸੇਵਾਵਾਂ ਨਿਭਾ ਰਹੇ ਹਨ।

ਨੈਸ਼ਨਲ ਡੀਫੈਂਸ ਅਕੈਡਮੀ - ਇਸ ਸੰਸਥਾ ਦਾ ਮਨੋਰਥ ਖਾਸ ਕਰ ਕੇ ਪਿੰਡਾਂ ਦੇ ਬੱਚਿਆਂ ਨੂੰ ਫੌਜ ਦੇ ਖੇਤਰ ਵਿਚ ਉੱਚੇ ਅਹੁਦਿਆਂ ਤੱਕ ਪਹੁੰਚਾਉਣ ਦੀ ਸਿੱਖਿਆ ਦੇਣਾ ਹੈ। ਐਨ.ਡੀ.ਏ. ਲਈ ਦੋ ਸਾਲਾ ਕੋਰਸ ਸਮੇਤ ਯੂ.ਪੀ.ਐਸ.ਸੀ. ਲਿਖਤੀ ਟੈਸਟ ਅਤੇ ਐਸ.ਐਸ.ਬੀ. ਇੰਟਰਵਿਊ ਲਈ ਤਿਆਰੀ ਕਰਵਾਈ ਜਾਂਦੀ ਹੈ। ਇਸ ਸੰਸਥਾ ਤੋਂ ਸਿੱਖਿਆ ਪ੍ਰਾਪਤ ਕਾਫ਼ੀ ਗਿਣਤੀ ਵਿਚ ਸਿੱਖਿਆਰਥੀ ਐਨ.ਡੀ.ਏ. ਤੇ ਨੇਵੀ ਵਿਚ ਜਾ ਚੁੱਕੇ ਹਨ ਅਤੇ ਕਈ ਹੋਰ ਇੰਜੀਨੀਅਰਿੰਗ ਕਾਲਜਾਂ ਵਿਚ ਚਲੇ ਗਏ ਹਨ।



ਨਿਸ਼ਾਨ-ਏ-ਸਿੱਖੀ ਪ੍ਰੈਪਰੇਟਰੀ ਸੈਂਟਰ ਫਾਰ ਸਿਵਲ ਸਰਵਿਸਿਜ਼ - ਇਸ ਸੰਸਥਾ ਵਿਚ ਵਿਦਿਆਰਥੀਆਂ ਨੂੰ ਯੂ.ਪੀ.ਐਸ.ਸੀ. ਦੇ ਇੰਮਤਿਹਾਨਾਂ ਦੀ ਤਿਆਰੀ ਕਰਵਾਈ ਜਾਂਦੀ ਹੈ। ਤਿੰਨ ਸਾਲਾ ਕੋਰਸ ਵਿਚ ਇਤਿਹਾਸ, ਭੂਗੋਲ, ਰਾਜਨੀਤੀ, ਅਰਥ ਸ਼ਾਸਤਰ, ਅੰਗ੍ਰੇਜ਼ੀ-ਪੰਜਾਬੀ ਸਾਹਿਤ ਅਤੇ ਆਮ ਜਾਣਕਾਰੀ ਦੇ ਵਿਸ਼ੇ ਪੜ੍ਹਾਏ ਜਾਂਦੇ ਹਨ। ਇਹ ਕੋਰਸ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ ਹੈ।

ਨਿਸ਼ਾਨ-ਏ-ਸਿੱਖੀ ਇੰਸਟੀਚਿਊਟ ਆਫ ਸਾਇੰਸ ਐਂਡ ਟ੍ਰੇਨਿੰਗ - (ਆਈ.ਆਈ.ਟੀ. \ ਨੀਟ ਵਿੰਗ) - ਇਸ ਵਿਚ 2009 ਤੋਂ ਵਿਦਿਆਰਥੀਆਂ ਨੂੰ ਦੋ ਸਾਲਾ ਕੋਰਸ ਰਾਹੀਂ ਆਈ.ਆਈ.ਟੀ. (ਮੇਨਜ਼ ਤੇ ਐਡਵਾਂਸ), ਨੀਟ, ਏ.ਆਈ.ਪੀ.ਐਮ.ਟੀ., ਮੈਡੀਕਲ ਅਤੇ ਇੰਜੀਨੀਅਰਿੰਗ ਦੇ ਦਾਖਲਾ ਪ੍ਰੀਖਿਆਰਥੀਆਂ ਲਈ ਤਿਆਰੀ ਕਰਵਾਈ ਜਾਂਦੀ ਹੈ। ਇਸ ਸੰਸਥਾ ਤੋਂ ਤਿਆਰੀ-ਪ੍ਰਾਪਤ ਕਿੰਨੇ ਹੀ ਸਿੱਖਿਆਰਥੀ ਭਾਰਤ ਅਤੇ ਵਿਦੇਸ਼ਾ ਦੀਆਂ ਪੇਸ਼ੇਵਰ ਸੰਸਥਾਵਾਂ ਤੋਂ ਉੱਚ ਤਾਲੀਮ ਹਾਸਲ ਕਰ ਰਹੇ ਹਨ।

ਜਗਦੇਵ ਸਿੱਧੂ
403 351 1136



ਸ੍ਰੀ ਗੁਰੂ ਅੰਗਦ ਦੇਵ ਇੰਸਟੀਚਿਊਟ ਆਫ ਕੈਰੀਅਰ ਐਂਡ ਕੋਰਸਿਜ਼ - 2008 ਵਿਚ ਸ਼ੁਰੂ ਹੋਈ ਇਸ ਸੰਸਥਾ ਦਾ ਮਨੋਰਥ ਲੜਕੇ-ਲੜਕੀਆਂ ਨੂੰ ਸਿਖਲਾਈ ਦੇ ਕੇ ਵਿਭਿੰਨ ਖੇਤਰਾਂ ਵਿਚ ਰੁਜ਼ਗਾਰ ਪ੍ਰਾਪਤ ਕਰਨ ਦੇ ਯੋਗ ਬਨਾਉਣਾ ਹੈ। ਤਿੰਨ ਮਹੀਨਿਆਂ ਦਾ ਕੋਰਸ ਭਰਤੀ ਹੋਣ ਦੀ ਤਿਆਰੀ ਕਰਨ ਲਈ ਲਾਇਆ ਜਾਂਦਾ ਹੈ। ਦੂਰ- ਦੂਰ ਤੋਂ ਆਏ ਲੜਕੇ-ਲੜਕੀਆਂ ਇਸ ਕੋਰਸ ਦਾ ਲਾਹਾ ਲੈ ਕੇ ਪੁਲੀਸ, ਬੀ.ਐਸ.ਐਫ., ਸੀ.ਆਰ.ਪੀ.ਐਫ., ਸੀ.ਆਈ.ਐਸ.ਐਫ., ਆਰਮੀ ਅਤੇ ਪੈਰਾਮਿਲਟਰੀ ਫੋਰਸਿਜ਼, ਰਖਸ਼ਾ ਸਕਿਉਰਟੀ ਫੋਰਸ ਵਿਚ ਭਰਤੀ ਹੋ ਰਹੇ ਹਨ।

ਨਿਸ਼ਾਨ-ਏ-ਸਿੱਖੀ ਇੰਟਰਨੈਸ਼ਨਲ ਸਕੂਲ - ਇਹ ਸਕੂਲ 2016 ਵਿਚ ਚਾਲੂ ਕੀਤਾ ਗਿਆ ਸੀ। ਇਸ ਸਕੂਲ ਵਿਚ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਧਾਰਮਿਕ ਤੇ ਨੈਤਿਕ ਕਦਰਾਂ ਕੀਮਤਾਂ ਸਮੇਤ ਚਰਿੱਤਰ ਨਿਰਮਾਣ ਦੀ ਸਿੱਖਿਆ ਦਿੱਤੀ ਜਾਂਦੀ ਹੈ। ਸਿਲੇਬਸ ਸੀ.ਬੀ.ਐਸ.ਈ. ਮੁਤਾਬਕ ਹੈ। ਨਤੀਜੇ ਸ਼ਾਨਦਾਰ ਰਹੇ ਹਨ। ਕਾਫ਼ੀ ਗਿਣਤੀ ਵਿਚ ਵਿਦਿਆਰਥੀ ਸਿਖਰਲੀਆਂ ਪੁਜ਼ੀਸ਼ਨਾਂ ਹਾਸਲ ਕਰ ਰਹੇ ਹਨ। ਇਸ ਵੇਲੇ ਨਰਸਰੀ ਤੋਂ ਲੈ ਕੇ ਬਾਰ੍ਹਵੀਂ ਜਮਾਤ ਤੱਕ ਕੋਈ 1700 ਵਿਦਿਆਰਥੀ ਸਿੱਖਿਆ ਪ੍ਰਾਪਤ ਕਰ ਰਹੇ ਹਨ।

ਬਾਬਾ ਉੱਤਮ ਸਿੰਘ ਸੀਨੀਅਰ ਸੈਕੰਡਰੀ ਸਕੂਲ - 1984 ਵਿਚ ਸਥਾਪਤ ਹੋਇਆ ਇਹ ਸਕੂਲ ਮੁੱਖ ਤੌਰ ਤੇ ਇਲਾਕੇ ਦੇ ਪਿੰਡਾਂ ਦੇ ਬੱਚਿਆਂ ਨੂੰ ਵਿੱਦਿਆ ਦਾ ਗਿਆਨ ਦੇ ਰਿਹਾ ਹੈ, ਜਿੰਨ੍ਹਾਂ ਦੀ ਗਿਣਤੀ ਇਸ ਵੇਲੇ ਦੋ ਹਜ਼ਾਰ ਹੈ। ਸਕੂਲ ਦੇ ਨਤੀਜੇ ਫ਼ਖ਼ਰਯੋਗ ਰਹੇ ਹਨ। ਬਹੁਤ ਵਿਦਿਆਰਥੀ ਉਪਰਲੀ ਮੈਰਿਟ ਵਿਚ ਆਏ ਹਨ। ਵਿਦਿਆਰਥੀਆਂ ਨੇ ਹੋਰ ਖੇਤਰਾਂ ਦੇ ਮੁਕਾਬਲਿਆਂ ਵਿਚ ਵੀ ਨਾਮਣਾ ਖੱਟਿਆ ਹੈ। ਖੇਡਾਂ ਵਿਚ ਵੀ ਮੱਲਾਂ ਮਾਰੀਆਂ ਹਨ। ਓਲੰਪਿਕ-2021 ਦੀਆਂ ਖੇਡਾਂ ਸਮੇ ਕਾਂਸੀ ਦਾ ਤਮਗਾ ਜਿੱਤਣ ਵਾਲੀ ਭਾਰਤੀ ਹਾਕੀ ਟੀਮ ਵਿਚ ਇਸ ਸਕੂਲ ਦੇ ਦੋ ਖਿਲਾੜੀ ਵਰੁਣ ਕੁਮਾਰ ਤੇ ਮਨਦੀਪ ਸਿੰਘ ਖੇਡੇ ਸਨ।

ਸ੍ਰੀ ਗੁਰੂ ਅੰਗਦ ਦੇਵ ਕਾਲਜ - 1970 ਵਿਚ ਸਥਾਪਿਤ ਹੋਇਆ ਇਹ ਕਾਲਜ ਵਿਦਿਆਰਥੀਆਂ ਨੂੰ ਆਰਟਸ, ਸਾਇੰਸ, ਅਰਥਸ਼ਾਸਤਰ, ਕਿੱਤਾਮੁਖੀ ਕੋਰਸਾਂ ਵਿਚ ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਪੱਧਰ ਦੀ ਵਿੱਦਿਆ ਪ੍ਰਦਾਨ ਕਰ ਰਿਹਾ ਹੈ। ਹਰ ਵਿਸ਼ੇ ਲਈ ਹਰ ਤਰ੍ਹਾਂ ਦੀਆਂ ਸਹੂਲਤਾਂ ਉਪਲਬਦ ਹਨ ਜਿਵੇਂ ਪੱਚੀ ਹਜ਼ਾਰ ਕਿਤਾਬਾਂ ਦੀ ਲਾਇਬਰੇਰੀ, ਲੈਬਾਰਟਰੀਆਂ, ਆਡੀਟੋਰੀਅਮ, ਸਿੱਖਿਆ ਦੇ ਉਪਕਰਣ, ਖੇਡਾਂ ਵਗੈਰਾ ਲਈ ਆਧੁਨਿਕ ਸਾਮਾਨ ਆਦਿ। ਕੋਈ ਦੋ ਸੌ ਪਿੰਡਾਂ ਤੋਂ ਵਿਦਿਆਰਥੀ ਏਥੇ ਤਾਲੀਮ ਲੈ ਰਹੇ ਹਨ।

ਸ੍ਰੀ ਗੁਰੂ ਅੰਗਦ ਦੇਵ ਕਾਲਜ ਆਫ ਐਜੂਕੇਸ਼ਨ - ਇਹ ਕਾਲਜ 2005 ਵਿਚ ਸਥਾਪਿਤ ਹੋਇਆ ਸੀ। ਇਸ ਵਿਚ ਬੀ.ਐਡ., ਐਸ.ਸੀ.ਈ.ਆਰ.ਟੀ., ਡੀ.ਐਲ.ਐਡ. (ਈ.ਟੀ.ਟੀ.)ਕੋਰਸ ਕਰਵਾਏ ਜਾਂਦੇ ਹਨ। ਸੀ.ਟੀ.ਈ.ਟੀ., ਪੀ.ਟੀ.ਈ.ਟੀ. ਦੀ ਤਿਆਰੀ ਕਰਵਾਈ ਜਾਂਦੀ ਹੈ।

ਵਾਤਾਵਰਣ ਹਿਤ ਕਾਰ ਸੇਵਾ - ਸੰਤ ਬਾਬਿਆਂ ਦੀ ਨਿਸ਼ਕਾਮ ਸੇਵਾ ਅਤੇ ਗੁਰੂਆਂ ਦੇ ਦਰਸਾਏ ਮਿਸ਼ਨ ਦੀ ਪੂਰਤੀ ਲਈ ਕੀਤੇ ਜਾ ਰਹੇ ਅਣ-ਥੱਕ ਉਪਰਾਲਿਆਂ ਸਦਕਾ ਖਡੂਰ ਸਾਹਿਬ ਕਾਰ ਸੇਵਾ ਦਾ ਧੁਰਾ ਬਣ ਕੇ ਉਭਰਿਆ ਹੈ। ਇਹ ਕਾਰ ਸੇਵਾ ਦਾ ਮਹਾਨ ਕਾਰਜ ਖਡੂਰ ਸਾਹਿਬ ਤੋਂ ਅਰੰਭ ਹੋ ਕੇ ਸਾਰੇ ਭਾਰਤ ਅਤੇ ਵਿਦੇਸ਼ਾਂ ਤੱਕ ਫੈਲ ਰਿਹਾ ਹੈ। ਕਾਰ ਸੇਵਾ ਖਡੂਰ ਸਾਹਿਬ ਵਿੱਦਿਆ, ਖੇਡਾਂ, ਪੁਲ ਨਿਰਮਾਣ ਤੋਂ ਇਲਾਵਾ ਵਾਤਾਵਰਣ ਦੀ ਸੰਭਾਲ ਲਈ ਵੀ ਪੂਰੀ ਸਰਗਰਮੀ ਨਾਲ ਕਾਰਜਸ਼ੀਲ ਹੈ। ਇਸ ਯੋਜਨਾ ਵਿਚ ਮੁੱਖ ਤੌਰ ਤੇ ਪੌਦੇ, ਦਰਖਤ ਲਾਉਣੇ ਅਤੇ ਜੰਗਲਾਂ ਦਾ ਜਾਲ਼ ਵਿਛਾਉਣਾ ਸ਼ਾਮਲ ਹਨ। ਹੁਣ ਤੋਂ ਪਹਿਲਾਂ ਸੜਕਾਂ ਦੇ ਪਾਸਿਆਂ ਤੇ 500 ਕਿਲੋਮੀਟਰ ਦੀ ਲੰਬਾਈ ਤੱਕ ਰੁੱਖ ਲਾਏ ਜਾ ਚੁੱਕੇ ਸਨ।ਜਨਤਕ ਥਾਵਾਂ ਜਿਵੇਂ ਹਸਪਤਾਲ, ਰਾਹਾਂ, ਟੋਭਿਆਂ, ਸ਼ਾਮਲਾਟਾਂ, ਸ਼ਮਸ਼ਾਨ ਘਾਟਾਂ, ਸਕੂਲਾਂ, ਕਾਲਜਾਂ, ਸਰੋਵਰਾਂ ਦੀਆਂ ਪਰਿਕਰਮਾਂ, ਗੁਰਦੁਆਰਿਆਂ, ਖੇਤਾਂ ਵਰਗੀਆਂ ਥਾਵਾਂ ਤੇ ਰੁੱਖ ਪੌਦੇ ਲਾਏ ਜਾ ਰਹੇ ਹਨ। ਲਾਉਣ ਤੋਂ ਉਪ੍ਰੰਤ ਪਾਣੀ ਦੇਣਾ ਤੇ ਹਰ ਤਰ੍ਹਾਂ ਦੀ ਸੰਭਾਲ ਕਰਨਾ ਵੀ ਯੋਜਨਾ ਦਾ ਹਿੱਸਾ ਹੈ। ਇਸ ਮਨੋਰਥ ਲਈ ਖਡੂਰ ਸਾਹਿਬ ਅਤੇ ਗਵਾਲੀਅਰ (ਮੱਧ ਪ੍ਰਦੇਸ਼) ਵਿਖੇ ਦੋ ਨਰਸਰੀਆਂ ਵਿਚ ਪਨੀਰੀ ਤਿਆਰ ਕੀਤੀ ਜਾਂਦੀ ਹੈ।

ਬਾਗ - ਖਡੂਰ ਸਾਹਿਬ ਦੇ ਨਜ਼ਦੀਕ ਗੁਰਦੁਆਰਾ ਤਪਿਆਣਾ ਸਾਹਿਬ ਵਿਖੇ ਬਾਗ ਬਾਬਾ ਸਾਧੂ ਸਿੰਘ ਜੀ ਲਾਇਆ ਗਿਆ ਹੈ। ਇਸ ਵਿਚ ਸੁੰਦਰ, ਫਲਦਾਰ ਤੇ ਹੋਰ ਕਈ ਕਿਸਮਾਂ ਦੇ ਪੌਦੇ ਤੇ ਰੁੱਖ ਲਾਏ ਗਏ ਹਨ। ਇਸ ਬਾਗ ਦੇ ਫਲ ਲੰਗਰ ਵਿਚ ਵਰਤਾਏ ਜਾਂਦੇ ਹਨ। ਪ੍ਰੇਰਨਾ ਦੇ ਕੇ ਪਿੰਡਾਂ ਵਿਚ ਵੀ ਪੰਜਾਹ ਦੇ ਕਰੀਬ ਬਾਗ ਲਵਾਏ ਗਏ ਹਨ।

ਗੁਰੂ ਨਾਨਕ ਯਾਦਗਾਰੀ ਜੰਗਲ (ਝਿੜੀ) - 2019 ਵਿਚ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਮੌਕੇ ਝਿੜੀਆਂ ਲਾਉਣ ਦਾ ਉਪਰਾਲਾ ਅਰੰਭਿਆ ਗਿਆ। ਗੁਰਦੁਆਰਿਆਂ, ਜਨਤਕ ਥਾਵਾਂ, ਖੇਤਾਂ ਜਾਂ ਜਿੱਥੇ ਕਿਤੇ ਵੀ ਸੰਭਵ ਹੈ, ਜੰਗਲ ਲਾਏ ਜਾ ਰਹੇ ਹਨ। ਇਨ੍ਹਾਂ ਜੰਗਲਾਂ ਵਿਚ ਛਾਂਦਾਰ, ਫਲਦਾਰ, ਫੁੱਲਦਾਰ, ਦਵਾਈਆਂ ਵਾਲੇ ਅਤੇ ਰਮਣੀਕ ਦਰਖਤ ਲਾਏ ਜਾਂਦੇ ਹਨ। ਇਸ ਯੋਜਨਾ ਤਹਿਤ ਹੁਣ ਤੱਕ 232 ਤੋਂ ਵੱਧ ਜੰਗਲ ਲਾਏ ਜਾ ਚੁੱਕੇ ਹਨ। ਇਨ੍ਹਾਂ ਜੰਗਲਾਂ ਦੀ ਸਾਂਭ ਸੰਭਾਲ ਅਤੇ ਪਾਣੀ ਦੇਣ ਵਗੈਰਾ ਦਾ ਤਸੱਲੀਬਖ਼ਸ਼ ਪ੍ਰਬੰਧ ਕੀਤਾ ਜਾਂਦਾ ਹੈ।

ਜੈਵਿਕ ਖੇਤੀ - ਕਾਰ ਸੇਵਾ ਅਧੀਨ ਨੇੜਲੇ ਪਿੰਡ ਮੰਡਾਲਾ ਵਿਖੇ ਜੈਵਿਕ ਖੇਤੀ ਸ਼ੁਰੂ ਕੀਤੀ ਗਈ ਹੈ। ਬਿਨਾ ਰਸਾਇਣਕ ਖਾਦਾਂ ਜਾਂ ਕੀਟ ਨਾਸ਼ਕਾਂ ਦੀ ਵਰਤੋਂ ਦੇ ਫਸਲਾਂ, ਸਬਜ਼ੀਆਂ ਪੈਦਾ ਕੀਤੀਆਂ ਜਾਂਦੀਆਂ ਹਨ। ਏਥੋਂ ਦੀ ਉਪਜ ਚਾਰਾ, ਅਨਾਜ, ਸਬਜ਼ੀਆ, ਫਲ ਆਦਿ ਦੀ ਮਾਤਾ ਖੀਵੀ ਲੰਗਰ ਵਿਚ ਵਰਤੋਂ ਕੀਤੀ ਜਾਂਦੀ ਹੈ। ਏਥੇ ਉਪਜਾਏ ਕਮਾਦ ਦੀ ਸ਼ੱਕਰ ਦਾ ਸਵਾਦ ਹੀ ਅਲਹਿਦਾ ਹੈ ਜੋ ਕਿ ਲੰਗਰ ਵਿਚ ਵਰਤਾਈ ਜਾਂਦੀ ਹੈ।

ਪਾਰਕ - ਜਿੱਥੇ ਕਿਤੇ ਥਾਂ ਮਿਲੀ, ਸ਼ਾਨਦਾਰ ਪਾਰਕ ਬਣਾਏ ਗਏ ਹਨ।

ਅੰਤਰ ਰਾਸ਼ਟਰੀ ਪੱਧਰ ਤੇ ਆਲਮੀ ਤਪਸ਼ ਬਾਰੇ ਨੁਮਾਇੰਦਗੀ - ਇਸ ਸਮੇਂ ਸਾਡੇ ਗ੍ਰਹਿ ਜਾਣੀ ਧਰਤੀ ਨੂੰ ਸਭ ਤੋਂ ਵੱਡਾ ਖ਼ਤਰਾ ਆਲਮੀ ਤਪਸ਼ (ਗਲੋਬਲ ਵਾਰਮਿੰਗ) ਤੋਂ ਹੈ। ਇਸ ਬਾਰੇ ਯੂ.ਐਨ.ਓ ਵੱਲੋਂ ਮੁਲਕਾਂ ਦੀ ਸਤਾਈਵੀਂ ਕਾਨਫਰੰਸ (ਸੀ.ਓ.ਪੀ.) ਮਿਸਰ ਦੇ ਸ਼ਹਿਰ ਸ਼ਰਮ-ਅਲ-ਸ਼ੇਖ਼ ਵਿਖੇ ਹੋਈ। ਇਸ ਵਿਚ ਸ਼ਾਮਲ ਹੋਣ ਲਈ ਸੱਦਾ ਪੱਤਰ ਮਿਲਣ ਤੇ ਨਿਸ਼ਾਨ-ਏ-ਸਿੱਖੀ ਚੈਰੀਟੇਬਲ ਟਰੱਸਟ ਕਾਰ ਸੇਵਾ ਖਡੂਰ ਸਾਹਿਬ ਦੇ ਪ੍ਰਤੀਨਿਧੀਆਂ ਨੇ ਸ਼ਿਰਕਤ ਕੀਤੀ। ਅੰਤਰਰਾਸ਼ਟਰੀ ਪੱਧਰ ਤੇ ਕਾਰ ਸੇਵਾ ਦੇ ਉਪਰਾਲਿਆਂ ਨੂੰ ਮਾਨਤਾ ਮਿਲਣੀ ਮਾਣ ਵਾਲੀ ਗੱਲ ਹੈ।

ਉਪ੍ਰੋਕਤ ਮਿਸਾਲ ਸਾਡੇ ਸਾਹਮਣੇ ਹੈ ਜੋ ਨਾ ਸਿਰਫ ਪੰਜਾਬ ਲਈ ਸਗੋਂ ਸਮੁੱਚੀ ਮਾਨਵਤਾ ਲਈ ਮਾਰਗ ਦਰਸ਼ਕ ਹੈ।

ਹਵਾਲੇ -ਨਿਸ਼ਾਨ-ਏ-ਸਿੱਖੀ ਖਡੂਰ ਸਾਹਿਬ ਮੈਗਜ਼ੀਨ 2022, 2023, \ ਸੰਖੇਪ ਜੀਵਨੀ ਗੁਰੂ ਅੰਗਦ ਦੇਵ ਜੀ, \ ਵਾਤਾਵਰਣ ਸੰਭਾਲ ਪ੍ਰਤੀ ਸੁਚੇਤਤਾ, ਪ੍ਰਕਾਸ਼ਕ ਕਾਰ ਸੇਵਾ, ਖਡੂਰ ਸਾਹਿਬ, ਜ਼ਿਲਾ ਤਰਨਤਾਰਨ, ਪੰਜਾਬ।

(ਖਡੂਰ ਸਾਹਿਬ ਦੇ ਸਪੁੱਤਰ ਇੰਜ. ਗੁਰਦਿਆਲ ਸਿੰਘ ਖਹਿਰਾ ਦੇ ਸਹਿਯੋਗ ਲਈ ਧੰਨਵਾਦ ਸਹਿਤ)



# ਹੈਰੀਟੇਜ ਸਟਰੀਟ 'ਚ ਗੁੰਡਾਗਰਦੀ, ਫੋਟੋਗ੍ਰਾਫ਼ਰਾਂ ਨੇ 4 ਸ਼ਰਧਾਲੂਆਂ ਨੂੰ ਬੇਰਹਿਮੀ ਨਾਲ ਕੁੱਟਿਆ

ਅੰਮ੍ਰਿਤਸਰ (ਪੰਜਾਬੀ ਅਖਬਾਰ ਬਿਊਰੋ)- ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਆਏ 4 ਸ਼ਰਧਾਲੂਆਂ ਦੀ ਵਿਰਾਸਤੀ ਥਾਂ 'ਤੇ ਘੁੰਮ ਰਹੇ ਕੁਝ ਫੋਟੋਗ੍ਰਾਫਰਾਂ ਵੱਲੋਂ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ।ਜ਼ਖ਼ਮੀ ਸ਼ਰਧਾਲੂਆਂ ਦੀ ਵੀਡੀਓ ਇੰਟਰਨੈੱਟ ਮੀਡੀਆ 'ਤੇ ਵਾਇਰਲ ਹੋਣ ਤੋਂ ਬਾਅਦ ਸ਼ਹਿਰ 'ਚ ਇਸ ਗੱਲ ਦੀ ਕਾਫੀ ਚਰਚਾ ਹੋ ਰਹੀ ਹੈ।



ਦੇਰ ਰਾਤ ਪਤਾ ਲੱਗਾ ਕਿ ਫੋਟੋਗ੍ਰਾਫਰਾਂ ਨੇ ਕੋਤਵਾਲੀ ਥਾਣੇ 'ਚ ਸ਼ਰਧਾਲੂਆਂ ਵਿਚਕਾਰ ਰਾਜ਼ੀਨਾਮਾ ਕਰਵਾ ਦਿੱਤਾ।ਕਿਸੇ ਧਿਰ ਨੇ ਇਕ ਦੂਜੇ ਖਿਲਾਫ ਸ਼ਿਕਾਇਤ ਦਰਜ ਨਹੀਂ ਕਰਵਾਈ।ਮੌਕੇ 'ਤੇ ਮੌਜੂਦ ਪ੍ਰਤੱਖਦਰਸ਼ੀਆਂ ਨੇ ਦੱਸਿਆ ਕਿ ਸ਼ਨੀਵਾਰ ਰਾਤ ਨੂੰ ਕਿਸੇ ਹੋਰ ਸ਼ਹਿਰ ਤੋਂ ਚਾਰ ਨੌਜਵਾਨ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਲਈ ਆਏ ਸਨ ਤਾਂ ਹੈਰੀਟੇਜ ਸਟਰੀਟ 'ਤੇ ਦਰਜਨਾਂ ਫੋਟੋਗ੍ਰਾਫਰ ਸ਼ਰਧਾਲੂਆਂ ਅਤੇ ਸੈਲਾਨੀਆਂ ਦੀਆਂ ਫੋਟੋਆਂ ਖਿੱਚਣ ਲਈ ਅਕਸਰ ਹੀ ਘੁੰਮਦੇ ਰਹਿੰਦੇ ਹਨ, ਜਿਸ ਨੂੰ ਲੈ ਕੇ ਸ਼ਰਧਾਲੂਆਂ ਨਾਲ ਝਗੜਾ ਹੋ ਗਿਆ। ਇਲਜ਼ਾਮ ਹੈ ਕਿ ਫੋਟੋਗ੍ਰਾਫਰਜ਼ ਨੇ ਇਕੱਠੇ ਹੋ ਕੇ ਚਾਰਾਂ ਨੌਜਵਾਨਾਂ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ। ਹਮਲੇ ਵਿੱਚ ਤੇਜ਼ਧਾਰ ਹਥਿਆਰਾਂ ਅਤੇ ਲੋਹੇ ਦੀਆਂ ਰਾਡਾਂ ਦੀ ਵਰਤੋਂ ਕੀਤੀ ਗਈ। ਚਾਰੇ ਸ਼ਰਧਾਲੂਆਂ ਨੂੰ ਜ਼ਖਮੀ ਕਰਨ ਤੋਂ ਬਾਅਦ ਫੋਟੋਗ੍ਰਾਫਰ ਫਰਾਰ ਹੋ ਗਏ। ਪੁਲਿਸ ਨੂੰ ਤੁਰੰਤ ਘਟਨਾ ਦੀ ਸੂਚਨਾ ਦਿੱਤੀ ਗਈ।




## 'ਟਿੱਡੀ ਦਲ ਖਾਂਦਾ ਹੈ ਕੇਵਲ, ਦਿਸਦੀ ਜੋ ਹਰਿਆਲੀ, ਲੀਡਰ ਖਾਣ ਜੜ੍ਹਾਂ ਤੋਂ ਜੀ, ਪਿੱਪਲ਼ ਬੋਹੜ ਬੇਰੀਆਂ ਟਾਹਲੀ'

# ਅਰਪਨ ਲਿਖਾਰੀ ਸਭਾ ਦੀ ਮੀਟਿੰਗ ਦੌਰਾਨ ਸ਼ਾਇਰਾਂ ਦੀ ਸ਼ਾਇਰੀ ਦੇ ਰੰਗ ਕੁੱਝ ਇਸ ਤਰਾਂ ਦੇ ਰਹੇ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਅਰਪਨ ਲਿਖਾਰੀ ਸਭਾ ਦੀ ਮਾਸਿਕ ਮੀਟਿੰਗ ਬਾਰਾਂ ਮਈ ਨੂੰ ਡਾ. ਜੋਗਾ ਸਿੰਘ ਸਹੋਤਾ ਅਤੇ ਸਤਨਾਮ ਸਿੰਘ ਢਾਅ ਦੀ ਪ੍ਰਧਾਨਗੀ ਹੇਠ ਹੋਈ ਜੋ ਮਾਂ-ਦਿਵਸ ਨੂੰ ਸਮਰਪਿਤ ਕੀਤੀ ਗਈ।ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਾਹਿਤਕਾਰ ਸੁਰਜੀਤ ਲੀ ਅਤੇ ਬੂਟਾ ਸਿੰਘ ਸ਼ਾਦ ਨੂੰ ਸ਼ਰਧਾਜਲੀ ਦੇਣ ਵੇਲੇ ਉਨ੍ਹਾਂ ਦੇ ਜੀਵਨ, ਸਾਹਿਤ ਅਤੇ ਫਿਲਮੀ ਜਗਤ ਨੂੰ ਦੇਣ ਬਾਰੇ ਯਾਦਾਂ ਸਾਂਝੀਆਂ ਕੀਤੀਆਂ। ਡਾ. ਜੋਗਾ ਸਿੰਘ ਦੇ ਸੰਬੰਧੀ ਅਤੇ ਕੈਲਗਰੀ ਨਿਵਾਸੀਆਂ ਦੇ ਹਰਮਨ ਪਿਆਰੇ ਦੋਸਤ ਨਿਰਪਾਲ ਸਿੰਘ ਕਲੇਰ, ਤਰਲੋਚਨ (ਜੌਲੀ) ਸਿੰਘ ਸਹੋਤਾ ਅਤੇ ਸਰੂਪ ਸਿੰਘ ਮੰਡੇਰ ਦੇ ਦੋਹਤੇ ਦੇ ਅਕਾਲ ਚਲਾਣੇ ਤੇ ਦੁੱਖ ਸਾਂਝਾ ਕਰ ਕੇ ਸ਼ਰਧਾ ਸੁਮਨ ਅਰਪਿਤ ਕੀਤੇ ਗਏ।ਪਰਿਵਾਰਾਂ ਨਾਲ ਦੁੱਖ ਦਾ ਇਜ਼ਹਾਰ ਕੀਤਾ ਗਿਆ।

ਡਾ. ਮਨਮੋਹਨ ਸਿੰਘ ਬਾਠ ਨੇ ਮਈ ਮਹੀਨੇ ਵਿੱਚ ਜੋਬਨ ਰੁੱਤੇ ਵਿੱਛੜਨ ਵਾਲੇ ਅਲਬੇਲੇ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਦਾ ਗੀਤ ਉਸੇ ਦਰਦ ਦੀ ਤਰਜ਼ ਵਿੱਚ 'ਮੈਂ ਕੰਡਿਆਲੀ ਥੋਹਰ ਵੇ ਸੱਜਣਾ' ਗਾ ਕੇ ਸ਼ਿਵ ਨੂੰ ਹਾਜ਼ਰ ਕਰ ਦਿੱਤਾ।ਜਰਨੈਲ ਸਿੰਘ ਤੱਗੜ ਨੇ ਮਜ਼ਦੂਰ ਦਿਵਸ (ਮਈ) ਦੇ ਸ਼ਹੀਦਾਂ ਨੂੰ ਯਾਦ ਕੀਤਾ, ਮਾਂ ਪ੍ਰਤੀ ਫ਼ਰਜ਼ਾਂ ਦੀ ਦੁਹਾਈ ਪਾਈ ਅਤੇ ਕਵਿਤਾ ਸੁਣਾਈ। ਜਸਵੀਰ ਸਿਹੋਤਾ ਨੇ ਸੁਰਜੀਤ ਲੀ ਦੀ ਸਾਹਿਤਕ ਦੇਣ ਦੀ ਗੱਲ ਕੀਤੀ ਨਾਲ ਇੱਕ ਕਵਿਤਾ ਵੀ ਸੁਣਾਈ।ਸ਼ਾਇਰ ਕੇਸਰ ਸਿੰਘ ਨੀਰ ਨੇ 'ਮੇਰਿਆਂ ਨੈਣਾਂ ਚੋਂ ਭਾਵੇਂ ਡਿੱਗਿਆ ਅੱਥਰ ਨਹੀਂ' ਗ਼ਜ਼ਲ ਆਪਣੇ ਨਿਰਾਲੇ ਅੰਦਾਜ਼ ਵਿੱਚ ਪੇਸ਼ ਕੀਤੀ ਡਾ. ਜੋਗਾ ਸਿੰਘ ਸਹੋਤਾ ਨੇ ਵੀ ਸ਼ਿਵ ਦੀ ਗ਼ਜ਼ਲ 'ਮੈਂ ਕੰਡਿਆਲੀ ਥੋਹਰ ਵੇ ਸੱਜਣਾ' ਸੁਣਾ ਕੇ ਸ਼ਿਵ ਸ਼ਾਇਰ ਪ੍ਰਤੀ ਅਕੀਦਾ ਪੇਸ਼ ਕੀਤਾ ਨਾਲ ਹੀ ਹਿੰਦੀ ਗ਼ਜ਼ਲ 'ਕੁਛ ਨ ਕੁਛ ਤੋ ਜ਼ਰੂਰ ਹੋਨਾ ਹੈ' ਸੁਣਾਈ ।

ਸੁਰਿੰਦਰ ਢਿੱਲੋਂ ਨੇ ਕਵਿਤਾ ਅਤੇ ਗ਼ਜ਼ਲ ਦੇ ਫ਼ਰਕ ਨੂੰ ਪਰਖਿਆ ਅਤੇ ਆਪਣੇ ਤਜਰਬੇ ਵਿੱਚੋਂ ਹਵਾਈ ਜਹਾਜ਼ ਦੀ ਉਡਾਣ ਦੇ ਕੰਟਰੋਲ ਦੀ ਤਕਨੀਕੀ ਜਾਣਕਾਰੀ ਵੀ ਸਾਂਝੀ ਕੀਤੀ।ਇਕਬਾਲ ਖ਼ਾਨ ਨੇ ਆਪਣੀ ਜੇਲ੍ਹ ਯਾਤਰਾ ਦੇ ਅਨੁਭਵ ਸਾਂਝੇ ਕਰਦਿਆਂ ਕਪੂਰਥਲੇ ਦੀ ਜੇਲ੍ਹ ਅੰਦਰ ਕੰਧ ਉਪਰ ਸੂਏ ਨਾਲ ਝਰੀਟਾਂ ਪਾ ਕੇ ਲਿਖੀ ਕਵਿਤਾ 'ਜਦੋਂ ਸਾਥੀਆਂ ਤੋਂ ਮੈਂ ਦੂਰ ਹੋਇਆ ਤੇ ਹੋਇਆ ਕੋਠੜੀ ਦੇ ਵਿੱਚ ਬੰਦ ਯਾਰੋ, ਪੜ੍ਹਦਾ ਸ਼ੇਅਰ ਹਾਂ ਜਦੋਂ ਇਨਕਲਾਬੀਆਂ ਦੇ ਹੋਵੇ ਹੌਂਸਲਾ ਮੇਰਾ ਬੁਲੰਦ ਯਾਰੋ' ਸੁਣਾਈ।ਪਰਮਜੀਤ (ਪੈਰੀ) ਮਾਹਲ ਨੇ ਮਾਂ ਦੇ ਨਾ ਭੁਲਾਏ ਜਾਣ ਵਾਲੇ ਯੋਗਦਾਨ ਦੀ ਗੱਲ ਕੀਤੀ ਅਤੇ ਸਿੱਖ ਨੌਜਵਾਨਾਂ ਅੰਦਰ ਆ ਰਹੇ ਗ਼ਲਤ ਰੁਝਾਨਾਂ ਬਾਰੇ ਚਿੰਤਾਜਨਕ ਲੇਖ ਪੜ੍ਹਿਆ। ਗੁਰਦਿਲਰਾਜ ਸਿੰਘ ਦਾਨੇਵਾਲੀਆ ਨੇ ਅੱਜ ਦੇ ਸਮੇਂ ਵਿੱਚ ਬੱਚਿਆਂ ਅਤੇ ਮਾਂ ਦਰਮਿਆਨ ਆ ਰਹੀ ਦੂਰੀ ਤੇ ਚਿੰਤਾ ਜਤਾਈ।

ਸਤਨਾਮ ਸਿੰਘ ਢਾਅ ਨੇ ਮਾਤਾ ਗੁਜਰੀ ਜੀ ਨੂੰ ਆਦਰਸ਼ ਮਾਂ ਦਾ ਦਰਜਾ ਦਿੰਦੀ ਕਵੀਸ਼ਰੀ 'ਇੱਕ ਗੁਜਰੀ ਮਾਂ ਵਰਗੀ ਜੱਗ ਤੇ ਹੋਰ ਮਾਂ ਨਾ ਕੋਈ' ਜੋਗਾ ਸਿੰਘ ਜੋਗੀ ਦੀ ਲਿਖੀ ਕਵਿਤਾ ਸੁਣਾ ਕੇ ਕੈਲਗਰੀ ਦੇ ਕਵੀਸ਼ਰਾਂ ਵਿੱਚ ਇੱਕ ਹੋਰ ਕਵੀਸ਼ਰ ਦਾ ਵਾਧਾ ਕਰ ਦਿੱਤਾ।ਜਗਦੇਵ ਸਿੰਘ ਸਿੱਧੂ ਨੇ ਆਪਣੀ ਭਾਵੁਕਤਾ-ਪੂਰਨ ਕਵਿਤਾ 'ਮਾਂ ਮੈਂ ਤੈਨੂੰ ਯਾਦ ਕਰਾਂ, ਮੇਰੇ ਨੈਣੋਂ ਨੀਰ ਵਹੇ' ਵਿਲੱਖਣ ਪੇਸ਼ਕਾਰੀ ਰਾਹੀਂ ਮਾਂ ਨੂੰ ਯਾਦ ਕਰਕੇ ਹਾਜ਼ਰੀਨ ਦੇ ਨੈਣ ਸਿੱਲ੍ਹੇ ਕਰ ਦਿੱਤੇ। ਜਨਰਲ ਸਕੱਤਰ ਅਤੇ ਨਾਮਵਰ ਕਵੀਸ਼ਰ ਜਸਵੰਤ ਸਿੰਘ ਸੇਖੋਂ ਨੇ ਕਵੀਸ਼ਰੀ ਰਾਹੀਂ 'ਟਿੱਡੀ ਦਲ ਖਾਂਦਾ ਹੈ ਕੇਵਲ, ਦਿਸਦੀ ਜੋ ਹਰਿਆਲੀ, ਲੀਡਰ ਖਾਣ ਜੜ੍ਹਾਂ ਤੋਂ ਜੀ, ਪਿੱਪਲ਼ ਬੋਹੜ ਬੇਰੀਆਂ ਟਾਹਲੀ' ਅਜੋਕੇ ਹਾਲਾਤ ਤੇ ਤਕੜੀ ਟਕੋਰ ਲਾਈ।ਇਨ੍ਹਾਂ ਤੋਂ ਇਲਵਾ ਸੁਖਦੇਵ ਕੌਰ ਢਾਅ ਅਤੇ ਅਵਤਾਰ ਕੌਰ ਤੱਗੜ ਇਸ ਸਾਹਿਤਕ ਚਰਚਾ ਵਿੱਚ ਹਿੱਸਾ ਲਿਆ।

ਸੇਖੋਂ ਨੇ ਅਰਪਨ ਲਿਖਾਰੀ ਸਭਾ ਦੇ 24 ਜੂਨ ਹੋਣ ਵਾਲੇ ਸਾਲਾਨਾ ਸਮਾਗਮ ਦੀ ਰੂਪ-ਰੇਖਾ ਵੀ ਉਲੀਕੀ।ਪੰਜਾਬੀ ਭਾਈਚਾਰੇ ਨੂੰ ਹੁੰਮ ਹਮਾ ਕੇ ਇਸ ਸਮਾਗਮ ਵਿੱਚ ਸ਼ਾਮਲ ਹੋਣ ਲਈ ਅਪੀਲ ਵੀ ਕੀਤੀ।ਜਰਨੈਲ ਤੱਗੜ ਨੇ ਜਾਣਕਾਰੀ ਦਿੱਤੀ ਕਿ ਪੰਜਾਬੀ ਸਾਹਿਤ ਸਭਾ ਦੀ ਮੀਟਿੰਗ ਹੁਣ ਮਹੀਨੇ ਦੇ ਦੂਜੇ ਐਤਵਾਰ ਦੀ ਬਜਾਇ ਚੌਥੇ ਐਤਵਾਰ ਨੂੰ ਦੋ ਤੋਂ ਪੰਜ ਵਜੇ ਤੱਕ ਹੋਇਆ ਕਰੇਗੀ। ਡਾ. ਜੋਗਾ ਸਿੰਘ ਸਹੋਤਾ ਨੇ ਪੇਸ਼ਕਾਰੀਆਂ ਦੀ ਸ਼ਲਾਘਾ ਕੀਤੀ ਅਤੇ ਹਾਜ਼ਰੀਨ ਦਾ ਦਿਲੋਂ ਧੰਨਵਾਦ ਕੀਤਾ।

elections alberta

# ਅਲਬਰਟਾ (Alberta) ਦੀਆਂ ਸੂਬਾਈ ਚੋਣਾਂ ਵਿੱਚ ਵੋਟ ਕਿਵੇਂ ਪਾਈਏ

## ਅਲਬਰਟਾ ਵਿੱਚ ਚੋਣਾਂ ਦਾ ਦਿਨ ਸੋਮਵਾਰ, 29 ਮਈ ਨੂੰ ਹੈ ਸਵੇਰੇ 9:00 ਵਜੇ ਤੋਂ ਸ਼ਾਮ 8:00 ਵਜੇ ਤੱਕ

**ਵੋਟ ਪਾਉਣ ਲਈ ਤੁਹਾਨੂੰ ਲਾਜ਼ਮੀ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਨੀਆਂ ਜ਼ਰੂਰੀ ਹਨ:**

- ਕੈਨੇਡੀਅਨ ਨਾਗਰਿਕ ਹੋਵੇ
- ਅਲਬਰਟਾ ਦਾ ਵਸਨੀਕ ਹੋਵੇ
- ਚੋਣ ਵਾਲੇ ਦਿਨ ਉਮਰ ਘੱਟੋ-ਘੱਟ 18 ਸਾਲ ਦੀ ਹੋਵੇ

**ਜੇਕਰ ਤੁਸੀਂ ਚੋਣ ਵਾਲੇ ਦਿਨ ਵੋਟ ਕਰਦੇ ਹੋ ਤਾਂ ਤੁਹਾਡੇ ਵੋਟਿੰਗ ਕਾਰਡ ਤੇ ਲਿਖੇ ਹੋਏ ਸਥਾਨ ਤੇ ਵੋਟ ਪਾਵੋ । ਸਾਰੇ ਵੋਟਿੰਗ ਸਥਾਨ ਸਵੇਰੇ 9:00 ਵਜੇ ਤੋਂ ਸ਼ਾਮ 8:00 ਵਜੇ ਤੱਕ ਖੁੱਲ੍ਹੇ ਰਹਿਣਗੇ।**

ਜੇਕਰ ਤੁਸੀਂ ਚੋਣ ਵਾਲੇ ਦਿਨ ਵੋਟ ਨਹੀਂ ਪਾ ਸਕਦੇ ਹੋ, ਤਾਂ ਤੁਸੀਂ ਮੰਗਲਵਾਰ, 23 ਮਈ ਤੋਂ ਸ਼ਨੀਵਾਰ, ਮਈ 27 ਤੱਕ ਅਲਬਰਟਾ ਵਿੱਚ ਕਿਸੇ ਵੀ ਅਡਵਾਂਸ ਵੋਟਿੰਗ (Advance Voting) ਸਥਾਨ 'ਤੇ ਵੋਟ ਪਾ ਸਕਦੇ ਹੋ।

ਆਪਣਾ ਵੋਟਿੰਗ ਸਥਾਨ ਪਤਾ ਕਰਨ ਲਈ ਸਾਡੀ ਵੈਬਸਾਈਟ www.elections.ab.ca 'ਤੇ ਜਾਓ, ਜਾਂ ਤੁਹਾਨੂੰ ਡਾਕ ਰਾਹੀਂ ਭੇਜਿਆ ਗਿਆ "Where to Vote" ਕਾਰਡ ਚੰਗੀ ਤਰਾਂ ਦੇਖੋ, ਜਾਂ 1.877.422.8683 ਟੋਲ-ਫ੍ਰੀ ਨੰਬਰ 'ਤੇ ਫ਼ੋਨ ਕਰੋ।

ਵੋਟ ਪਾਉਣ ਲਈ ਤੁਹਾਨੂੰ ਅੰਗਰੇਜ਼ੀ ਦੀ ਚੰਗੀ ਜਾਣਕਾਰੀ ਹਾਸਲ ਕਰਨ ਦੀ ਲੋੜ ਨਹੀਂ ਹੈ — ਸਾਡੇ ਵੋਟਿੰਗ ਸਥਾਨ ਤੇ ਤੁਹਾਡੀ ਸਹੂਲਤ ਲਈ 27 ਭਾਸ਼ਾਵਾਂ ਵਿੱਚ ਅਨੁਵਾਦ ਕੀਤੀ ਜਾਣਕਾਰੀ ਉਪਲਬਧ ਹੈ । ਤੁਸੀਂ ਆਪਣੀ ਸਹੂਲਤ ਲਈ ਕਿਸੇ ਜਾਣਕਾਰ ਵਿਅਕਤੀ ਨੂੰ ਆਪਣੇ ਨਾਲ ਅਨੁਵਾਦ ਕਰਨ ਲਈ ਲੈ ਕੇ ਆ ਸਕਦੇ ਹੋ ।

ਵਧੇਰੇ ਜਾਣਕਾਰੀ ਲਈ, **www.elections.ab.ca** 'ਤੇ ਜਾਓ


ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ

ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ

ਕਾਲ ਕਰੋ:
1 250 319 7263



Sun Life

Advice from someone you trust.

It's important to protect yourself and your family from the financial impact of lost income due to accident, illness or disability. Do you have a plan in place?

Critical illness insurance • Life insurance • Personal health insurance



Harvinder Singh
587-574-0029
harvinder.h.singh@sunlife.com

Sun Life Assurance Company of Canada is a member of the Sun Life group of companies.
© Sun Life Assurance Company of Canada, 2021.



ARROW DRYWALL INC.
The Name You Can Trust

Products of Services:
ਭਰੋਸੇਯੋਗ ਤੇ ਤਸੱਲੀਬਖ਼ਸ਼ ਕੰਮ ਕਰਵਾਉਣ ਲਈ ਫੋਨ ਕਰੋ ਜਾਂ ਮਿਲੋ

- Insulation
- Drywall
- Taping
- Texturing
- Blow Insulation

ਇੰਸੂਲੇਸ਼ਨ
ਡਰਾਈਵਾਲ
ਟੇਪਿੰਗ
ਬਲੋ ਇੰਸੂਲੇਸ਼ਨ
ਟੈਕਸਚਰਿੰਗ



Ricky Kaler
Cell: 403-472-4243 Off: 403-483-0004 Fax: 403-532-2318
505-4655 54 Ave NE Calgary Alberta T3J 3M3 www.arrowdrywall.com





Ramandeep Singh (RDS)
Shop. 85578-70770
M. 99144-90254

RDS Sidhu's
ਵਿਰਾਸਤੀ ਆਰਟਸ

ਇੱਥੇ ਹਰ ਪ੍ਰਕਾਰ ਦੇ ਸੂਟ, ਦੁਪੱਟੇ, ਸ਼ਾਲ, ਫਰਾਕ, ਫੁਲਕਾਰੀ, ਬਾਗ, ਰੁਮਾਲਾ ਸਾਹਿਬ ਅਤੇ ਹਰ ਤਰਾਂ ਦੇ ਕੱਪੜੇ ਤੇ ਕਢਾਈ ਨਵੇਂ ਨਵੇਂ ਡਿਜ਼ਾਇਨਾਂ ਵਿੱਚ ਕੰਪਿਊਟਰਾਈਜ਼ ਮਸ਼ੀਨ ਨਾਲ ਕੀਤੀ ਜਾਂਦੀ ਹੈ।

ਨੋਟ: ਰਵਾਇਤੀ ਕਢਾਈ ਵਾਲੇ ਝੋਲੇ, ਗਿੱਧੇ ਭੰਗੜੇ ਦਾ ਡਰੈਸ ਮਟੀਰੀਅਲ ਵੀ ਵਾਜਬ ਰੇਟਾਂ ਤੇ ਉੱਪਲਬਧ ਹਨ।
ਇੱਥੇ ਆਰਡਰ ਪਾਰਸਲ ਕਰਨ ਦਾ ਖਾਸ ਪ੍ਰਬੰਧ ਹੈ।

ਪਤਾ: ਨੇੜੇ ਨਹਿਰ ਵਾਲਾ ਬੱਸ ਅੱਡਾ, ਪਿੰਡ ਕੁਸਲਾ (ਮਾਨਸਾ)
ਵਿਰਾਸਤੀ ਆਰਟਸ
ਵਿਰਾਸਤੀ ਆਰਟਸ





ਰੇਚਲ ਨੋਟਲੀ ਅਲਬਰਟਾ ਐਨ ਡੀ ਪੀ
ਅਲਬਰਟਾ ਵਾਸੀਆਂ ਦਾ ਖਿਆਲ ਰੱਖਣ ਵਾਲੀ ਅਜਿਹੀ ਕਾਬਲ ਲੀਡਰ ਜਿਸ ਉੱਪਰ ਤੁਸੀਂ ਭਰੋਸਾ ਕਰ ਸਕਦੇ ਹੋ ।
ਰੇਚਲ ਨੋਟਲੀ ਦਾ ਧਿਆਨ ਤੁਹਾਨੂੰ ਦਰਪੇਸ਼ ਮੁਸ਼ਕਲਾਂ ਵੱਲ ਕੇਂਦਰਤ ਰਹਿੰਦਾ ਹੈ ।
Alberta NDP
ਰੇਚਲ ਨੋਟਲੀ ਦੀਆਂ ਤੁਹਾਡੇ ਪ੍ਰਤੀ ਵਚਨਬੱਧਤਾਵਾਂ :
ਨਿੱਜੀ ਆਮਦਨ ਕਰ ਦਰਾਂ ਅਤੇ ਪੋਸਟ ਸੈਕੈਂਡਰੀ ਟਿਊਸ਼ਨ ਫ਼ੀਸਾਂ ਵਿੱਚ ਵਾਧੇ ਤੇ ਰੋਕ , ਛੋਟੇ ਵਪਾਰਕ ਅਦਾਰਿਆਂ ਉੱਪਰ ਆਮਦਨ ਕਰ ਖ਼ਤਮ ਕਰਨਾ , ਇਨਸ਼ੋਰੈਂਸ ਦਰਾਂ ਦੇ ਵਾਧੇ ਤੇ ਰੋਕ ਅਤੇ ਬਿਜ਼ਲੀ ਦੇ ਖ਼ਰਚ ਵਿੱਚ ਕਟੋਤੀ ਕਰਨਾ ।
ਤੁਹਾਡੇ ਬੱਚਿਆਂ ਦੀਆਂ ਜ਼ਰੂਰਤਾਂ ਮੁਤਾਬਕ ਨਵੇਂ ਸਕੂਲ ਬਣਾਉਣੇ ਅਤੇ ਹੋਰ ਅਧਿਆਪਕ ਭਰਤੀ ਕਰਨੇ ।
ਇਹ ਯਕੀਨੀ ਬਣਾਉਣਾ ਕਿ ਤੁਹਾਨੂੰ ਡਾਕਟਰ ਦੀ ਫ਼ੀਸ ਆਪਣੀ ਜੇਬ੍ਹ ਵਿੱਚੋਂ ਨਾਂ ਦੇਣੀ ਪਵੇ ਅਤੇ ਹੈਲਥਕੇਅਰ ਨੂੰ ਠੀਕ ਕਰਨਾ ਤਾਂ ਜੋ ਸਾਰੇ ਅਲਬਰਟਾ ਵਾਸੀਆਂ ਨੂੰ ਫ਼ੈਮਿਲੀ ਡਾਕਟਰ ਦੀਆਂ ਸੇਵਾਵਾਂ ਮਿਲਣ, ਹਸਪਤਾਲਾਂ ਅਤੇ ਐਂਬੂਲੈਂਸ ਸੇਵਾਵਾਂ ਲਈ ਉਡੀਕ ਸਮਾਂ ਘਟਾਉਣਾ ।
ਅਲਬਰਟਾ ਦੇ ਸੀਨੀਅਰਜ਼ ਦੀ ਪੈਨਸ਼ਨ ਨੂੰ ਕੈਨੇਡਾ ਪੈਨਸ਼ਨ ਪਲੈਨ ਵਿੱਚ ਹੀ ਰੱਖਣਾ ।
ਖੇਡਾਂ, ਮਨੋਰੰਜਨ ਤੇ ਕਮਿਊਨਿਟੀ ਸੈਂਟਰ ਜਿਹੀਆਂ ਹੋਰ ਜ਼ਿਆਦਾ ਸੁਵਿਧਾਵਾਂ ਤਿਆਰ ਕਰਨਾ ਅਤੇ ਬੱਚਿਆਂ ਦੀਆਂ ਮਨੋਰੰਜਕ ਗਤੀਵਿਧੀਆਂ ਦੇ ਖ਼ਰਚੇ ਲਈ ਮਾਪਿਆ ਨੂੰ 500 ਡਾਲਰ ਸਲਾਨਾ ਟੈਕਸ ਕਰੈਡਿਟ ਦੇਣਾ ।
ਗਰੀਨ ਲਾਈਨ ਨੂੰ 16 ਐਵੀਨਿਊ ਨੌਰਥ ਤੋਂ 160 ਐਵੀਨਿਊ ਨੌਰਥ ਤੱਕ ਵਧਾਉਣਾ ।
ਪ੍ਰੀਵਾਰਾਂ ਦੀ ਬਿਹਤਰ ਹੈਲਥਕੇਅਰ ਨੂੰ ਯਕੀਨੀ ਬਣਾਉਣ ਵਾਸਤੇ ਉੱਤਰੀ ਕੈਲਗਰੀ / ਏਅਰਡਰੀ ਲਈ ਰੀਜਨਲ ਹਸਪਤਾਲ ਬਣਾਉਣਾ ।
ਵਿਦੇਸ਼ੀ ਯੋਗਤਾਵਾਂ ਨੂੰ ਮਾਨਤਾ ਦੇਣ ਵਿੱਚ ਤੇਜ਼ੀ , ਨਵੇਂ ਪ੍ਰਵਾਸੀਆਂ ਦੇ ਵਸੇਬੇ ਦੀਆਂ ਜ਼ਰੂਰਤਾਂ ਲਈ ਸਹਾਇਤਾ ਅਤੇ ਨਸਲਵਾਦ ਵਿਰੁੱਧ ਲੜਾਈ ਜਾਰੀ ਰੱਖਣਾ ।
ਡੇਨੀਅਲ ਸਮਿੱਥ .
ਪ੍ਰੀਵਾਰਾਂ ਲਈ ਗ਼ਲਤ ਤਰਜ਼ੀਹਾਂ , ਬੇਹੱਦ ਅਣਕਿਆਸੀ ਅਤੇ ਬਹੁਤ ਖ਼ਤਰਨਾਕ । ਕੀ ਤੁਸੀਂ ਉਸ ਉੱਪਰ ਭਰੋਸਾ ਕਰ ਸਕਦੇ ਹੋ ?
Authorized by Alberta NDP • albertandp.ca
Raj Jessel
Chestermere-Strathmore
Amanda Chapman
Calgary-Beddington
Druh Farrell
Calgary-Bow
Joe Ceci
Calgary-Buffalo
Gurinder Singh Gill
Calgary-Cross
Rosman Valencia
Calgary-East
Andrew Stewart
Calgary-Hays
Nagwan Al-Guneid
Calgary-Glenmore
Court Ellingson
Calgary-Foothills
Parmeet Singh Boparai
Calgary-Falconridge
Julia Hayter
Calgary-Edgemont
Venkat Ravulaparthi
Calgary-Lougheed
Irfan Sabir
Calgary-Bhullar-McCall
Rajesh Angral
Calgary-North
Gurinder Brar
Calgary-North East
Michael Lisboa-Smith
Calgary-North West
Joan Chand'oiseau
Calgary-West
Luanne Metz
Calgary-Varsity
Justin Huseby
Calgary-South East
David Cloutier
Calgary-Shaw
Denis Ram
Calgary-Peigan
Peggy Wright
Edmonton-Beverly-Clareview
David Shepherd
Edmonton-City Centre
Sharif Haji
Edmonton-Decore
Rod Loyola
Edmonton-Ellerslie
Heather Sweet
Edmonton-Manning
Lorne Dach
Edmonton-McClung
Jasvir Deol
Edmonton-Meadows
Christina Gray
Edmonton-Mill Woods
David Eggen
Edmonton-North West
Jodi Calahoo Stonehouse
Edmonton-Rutherford
Rhiannon Hoyle
Edmonton -South
Nathan Ip
Edmonton-South West
Rakhi Pancholi
Edmonton-Whitemud
Cam Heenan
Leduc-Beaumont
Kyle Kasawski
Sherwood Park
albertandp.ca/punjabi
Authorized by Alberta NDP • albertandp.ca

United Conservatives

# ALBERTA JOB GROWTH AND DIVERSIFICATION STRATEGY



✔ **Fast track credentialing for doctors, nurses, and skilled workers**
Expand auto-credentialling from provinces and countries with similar standard

✔ **Graduation Retention tax credit**
$3,000-$10,000 tax credit for students in high-demand professions to stay and work in Alberta

✔ **Alberta is Calling signing bonus**
A $1,200 non-refundable tax credit for healthcare, childcare, and trades workers who move to Alberta

## AFFORDABILITY

✔ **Gas tax relief for 2023**
Saving you $10 every time you fuel up

✔ **25% seniors discount**
Saving seniors money on user fees and government services



## TAX CUTS

✔ **Cutting Personal Income Taxes**
Saving Albertans $760 a year, or over $1,500 for a family

✔ **No Tax Hike Guarantee**
Keeping taxes low for Alberta businesses and families



MOVING ALBERTA FORWARD

Get involved unitedconservative.ca

Authorized by the United Conservative Party | 1-888-465-2660


ਕੈਲਗਰੀ ਵਿੱਚ ਸਾਂਝਾ ਪੰਜਾਬ ਗਰੌਸਰੀ ਸਟੋਰ ਦੀ ਚੌਥੀ ਲੋਕੇਸ਼ਨ
ਹੁਣ 104 ਐਵਨਿਊ ਵਾਲੀਆਂ ਲਾਈਟਾਂ ਉਪਰ
606 ਸਿਟੀ ਸਕੇਪ ਸਕੇਅਰ ਨਾਰਥ ਈਸਟ ਵਿੱਚ ਖੁੱਲ ਗਈ ਐ
Mega
Sanjha Punjab
GROCERY STORE
ਤਾਜ਼ੀਆਂ ਸਬਜ਼ੀਆਂ, ਫਲ਼ ਫਰੂਟ, ਆਟਾ ਦਾਲਾਂ,
ਰਸੋਈ ਦਾ ਸਮਾਨ ਦੇਗਾਂ, ਪਤੀਲੇ, ਕੜਛੀਆਂ,
ਪਰੈਸ਼ਰ ਕੂਕਰ, ਮੰਜੇ, ਆਦਿ ਪੰਜਾਬ ਦੀ ਘਾਟ
ਮਹਿਸੂਸ ਹੀ ਨਹੀਂ ਹੋਣ ਦਿੰਦੇ ।
FRESH PRODUCE
GROCERY STORE
Mega Sanjha Punjab
403-266-5200
FOUR LOCATIONS TO SERVE YOU
3690 Westwinds Dr NE, Calgary, AB T3J 5H3
7171 80 Ave NE #117, Calgary, AB T3J 0P6
570-6520 Falconridge BLVD NE Calgary
606 Cityscape Square NE Calgary, AB T3N 2A8


SOUTH POINTE
TOYOTA
2021 COROLLA
ONLY $58 A WEEK!
$0 DOWN!
LE
2020 RAV4
ONLY $92 A WEEK!
$0 DOWN!
LE AWD
FREE
WINTER TIRES
WITH PURCHASE
0%
FINANCING AVAILABLE
FREE
REMOTE STARTER
WITH PURCHASE
RISHI MUKHERJEE
NEW CAR SALES MANAGER
ZAK BHANJI
NEW CAR SALES MANAGER
PREZ TIWANA
NEW CAR PRODUCT ADVISOR
MINAZ RATANSHI
NEW CAR PRODUCT ADVISOR
AFSHEEN HARJEE
NEW CAR PRODUCT ADVISOR
MUHAMMAD YOUSAF
NEW CAR PRODUCT ADVISOR
IT'S TIME TO TOYOTA
11150 35 ST SE
CALGARY, AB
CALL US!
403-567-8888
WWW.SOUTHPOINTETOYOTA.COM
CALGARYS #1 VOLUME TOYOTA DEALERSHIP

# ਕੁੰਢੀਆਂ ਦੇ ਸਿੰਗ ਫਸ ਗਏ - ਦੋ ਬੀਬੀਆਂ ਅਤੇ ਪੰਜਾਬੀ ਭਾਈਚਾਰੇ ਦੇ ਦਰਜਨਾਂ ਉਮੀਦਵਾਰ ਚੋਣ ਮੈਦਾਨ ਵਿੱਚ

## ਅਲਬਰਟਾ ਵੋਟਾਂ 29 ਮਈ 2023 ਨੂੰ ਪੈਣਗੀਆਂ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਅਸੰਬਲੀ ਦੀਆਂ ਚੋਣਾਂ ਇਸ ਵਾਰ 29 ਮਈ 2023 ਨੂੰ ਹੋਣ ਜਾ ਰਹੀਆਂ ਹਨ। ਮੁੱਖ ਮੁਕਾਬਲਾ ਸੱਤਾਧਾਰੀ ਯੂ ਸੀ ਪੀ ਤੇ ਐਨ ਡੀ ਪੀ ਵਿਚਾਲੇ ਹੈ। ਮੌਜੂਦਾ ਪ੍ਰੀਮੀਅਰ ਡੈਨੀਅਲ ਸਮਿਥ ਦੀ ਅਗਵਾਈ ਵਾਲੀ ਯੁਨਾਈਟਡ ਕੰਜ਼ਰਵੇਟਿਵ ਪਾਰਟੀ ਅਤੇ ਰੇਚਲ ਨੋਟਲੀ ਦੀ ਅਗਵਾਈ ਵਾਲੀ ਐਨ ਡੀ ਪੀ ਨੇ ਆਪੋ ਆਪਣੇ ਚੋਣ ਪਲੇਟਫਾਰਮ ਜਾਰੀ ਕਰਦਿਆਂ ਚੋਣ ਮੁਹਿੰਮ ਭਖਾ ਦਿੱਤੀ ਹੈ। ਜਿੱਥੇ ਯੂ ਸੀ ਪੀ ਵੱਲੋਂ ਵੋਟਰਾਂ ਨਾਲ ਟੈਕਸ ਕਟੌਤੀ, ਸਿਹਤ ਸਹੂਲਤਾਂ ਵਿੱਚ ਵਾਧਾ, ਨੌਕਰੀਆਂ ਵਿੱਚ ਵਾਧਾ, ਨਵੇਂ ਟੈਕਸ ਨਾ ਲਗਾਉਣ, ਚਾਈਲਡ ਕੇਅਰ ਲਈ ਪ੍ਰਤੀ ਦਿਨ 10 ਡਾਲਰ ਦੇਣ ਦੇ ਮੁੱਦੇ ਸਮੇਤ ਕਈ ਵਾਅਦੇ ਕੀਤੇ ਜਾ ਰਹੇ ਹਨ ਉੱਥੇ ਐਨ ਡੀ ਪੀ ਵੱਲੋਂ ਅਲਬਰਟਾ ਦੇ ਬੇਹਤਰ ਭਵਿੱਖ ਦੇ ਸੱਦੇ ਨਾਲ ਇਨਕਮ ਟੈਕਸ ਵਿੱਚ ਵਾਧਾ ਨਾ ਕਰਨ, ਫੈਮਲੀ ਹੈਲਥ ਲਈ ਡਾਕਟਰਾਂ ਦੀ ਹੋਰ ਭਰਤੀ, ਨਵੀਆਂ ਜੌਬਾਂ , 40,000 ਲੋਕਾਂ ਲਈ ਅਫੋਰਡੇਬਲ ਘਰ ਬਣਾਉਣ ਦੇ ਨਾਲ ਮੁਲਾਜ਼ਮਾਂ ਤੇ ਪੈਨਸ਼ਨ ਲੈਣ ਵਾਲਿਆਂ ਨੂੰ ਹੋਰ ਸਹੂਲਤਾਂ ਦੇਣ ਦੇ ਵਾਅਦੇ ਕਰਦਿਆਂ ਵੋਟ ਬੈਂਕ ਵਿੱਚ ਹੱਥ ਪੱਲਾ ਮਾਰਿਆ ਜਾ ਰਿਹਾ ਹੈ।

ਦੋਵਾਂ ਪਾਰਟੀਆਂ ਦੇ ਆਗੂਆਂ ਦੀ ਬਹਿਸ ਜਿਸ ਨੂੰ ਅਸੀਂ ਪੰਜਾਬੀ ਵਿੱਚ ਕੁੰਢੀਆਂ ਦੇ ਸਿੰਗ ਫਸੇ ਦੇਖਣ ਵਾਲੇ ਹਾਲਾਤ ਕਹਿ ਸਕਦੇ ਹਾਂ ਉਹ 18 ਮਈ ਨੂੰ ਹੋਵੇਗੀ। ਜਿਸ ਵਿੱਚ ਯੂ ਸੀ ਪੀ ਲੀਡਰ ਡੈਨੀਅਲ ਸਮਿਥ ਅਤੇ ਅਲਬਰਟਾ ਐਨ ਡੀ ਪੀ ਲੀਡਰ ਰੇਚਲ ਨੋਟਲੀ ਵੱਖ ਵੱਖ ਮੁੱਦਿਆਂ ਉਪਰ ਆਪੋ ਆਪਣੀ ਪਾਰਟੀ ਦੀਆਂ ਨੀਤੀਆਂ ਜਨਤਾ ਦਰਬਾਰ ਵਿੱਚ ਰੱਖਣਗੀਆਂ। ਇਸ ਲੀਡਰ ਡਿਬੇਟ ਦਾ ਉਪਰਾਲਾ ਤੇ ਪ੍ਰਸਾਰਣ ਸੀਟੀਵੀ ਨਿਊਜ਼ ਐਡਮਿੰਟਨ ਤੇ ਗਲੋਬਲ ਨਿਊਜ਼ ਦੀ ਸਾਂਝੇਦਾਰੀ ਨਾਲ ਹੋਵੇਗਾ। 18 ਮਈ 2023 ਦੀ ਸ਼ਾਮ 6 ਵਜੇ ਐਡਮੰਟਨ ਦੇ ਸਮੇਂ ਦੇ ਹਿਸਾਬ ਨਾਲ ਬਹਿਸ ਸ਼ੁਰੂ ਹੋਵੇਗੀ।

ਅਲਬਰਟਾ ਦੀ ਰਾਜਧਾਨੀ ਐਡਮਿੰਟਨ ਅਤੇ ਕੈਲਗਰੀ ਤੋ ਪੰਜਾਬੀ ਮੂਲ ਦੇ ਉਮੀਦਵਾਰ ਜੋ ਮੈਦਾਨ ਵਿੱਚ ਹਨ, ਉਹਨਾਂ ਦੇ ਵੇਰਵਾ ਇਸ ਤਰਾਂ ਹੈ। ਕੈਲਗਰੀ-ਭੁੱਲਰ ਮੈਕਾਲ ਹਲਕੇ ਤੋ ਅਮਨਪ੍ਰੀਤ ਸਿੰਘ ਗਿੱਲ (ਯੂ ਸੀ ਪੀ), ਐਨ ਡੀ ਵੱਲੋਂ ਮੌਜੂਦਾ ਐਮ ਐਲ ਏ ਇਰਫਾਨ ਸਬੀਰ, ਕੈਲਗਰੀ ਫਾਲਕਿਨਰਿੱਜ ਤੋ ਮੌਜੂਦਾ ਐਮ ਐਲ ਏ ਦਵਿੰਦਰ ਸਿੰਘ ਤੂਰ (ਯੂ ਸੀ ਪੀ) ਪਰਮੀਤ ਸਿੰਘ ਬੋਪਾਰਾਏ (ਐਨ ਡੀ ਪੀ) ਕੈਲਗਰੀ ਨਾਰਥ ਈਸਟ ਤੋਂ ਇੰਦਰ ਗਰੇਵਾਲ(ਯੂ ਸੀ ਪੀ) ਗੁਰਿੰਦਰ ਬਰਾੜ(ਐਨ ਡੀ ਪੀ) ਵਿਚਕਾਰ ਮੁਕਾਬਲਾ ਹੈ। ਕੈਲਗਰੀ ਈਸਟ ਤੋ ਮੌਜੂਦਾ ਐਮ ਐਲ ਏ ਪੀਟਰ ਸਿੰਘ, ਕੈਲਗਰੀ ਐਜਮਾਉਂਟ ਤੋ ਮੌਜੂਦਾ ਐਮ ਐਲ ਏ ਪ੍ਰਸਾਦ ਪਾਂਡਾ, ਕੈਲਗਰੀ ਵੈਸਟ ਤੋਂ ਮੌਜੂਦਾ ਐਮ ਐਲ ਏ ਰਾਜਨ ਸਾਹਨੀ, ਐਡਮਿੰਟਨ ਐਲਰਸਲੀ ਤੋ ਰਣਜੀਤ ਬਾਠ, ਐਡਮਿੰਟਨ ਮੀਡੋਜ਼ ਤੋਂ ਅੰਮ੍ਰਿਤਪਾਲ ਮਠਾਰੂ ਐਡਮਿੰਟਨ ਮਿਲਵੁਡਜ ਤੋ ਰਮਨ ਅਠਵਾਲ, ਐਡਮਿੰਟਨ ਵਾਈਟਮਡ ਤੋਂ ਰਾਜ ਸ਼ਰਮਨ ਜਦੋਂਕਿ ਐਨ ਡੀ ਪੀ ਵੱਲੋਂ ਕੈਲਗਰੀ ਨਾਰਥ ਤੋਂ ਰਾਜੇਸ਼ ਅੰਗਰਾਲ, ਐਡਮਿੰਟਨ ਮੀਡੋਜ ਤੋ ਮੌਜੂਦਾ ਐਮ ਐਲ ਏ ਜਸਵੀਰ ਦਿ?ਲ, ਚੈਸਟਰਮੀਅਰ ਤੋ ਰਾਜ ਜੱਸਲ, ਐਡਮਿੰਟਨ ਵਾਈਟਮੱਡ ਤੋ ਮੌਜੂਦਾ ਐਮ ਐਲ ਏ ਰਾਖੀ ਪੰਚੋਲੀ, ਤੇ ਕੈਲਗਰੀ ਕਰਾਸ ਤੋ ਗੁਰਿੰਦਰ ਗਿੱਲ ਹੋਰੀ ਜੋ ਦੋ ਵਾਰੀ ਪਹਿਲਾਂ ਐਮ ਪੀ ਦੀ ਣੋਣ ਵੀ ਲੜ ਚੁੱਕੇ ਹਨ, ਪੂਰੇ ਰਾਜਨੀਤਕ ਜੋਸ਼ੋਖ਼ਰੋਸ ਨਾਲ ਚੋਣ ਮੈਦਾਨ ਵਿੱਚ ਡਟੇ ਹੋਏ ਹਨ। ਐਡਮਿੰਟਨ ਵਿਚ ਐਡਮਿੰਟਨ ਮੀਡੋਜ ਹਲਕੇ ਤੋ ਮੌਜੂਦਾ ਐਮ ਐਲ ਏ ਜਸਵੀਰ ਦਿਓਲ ਤੇ ਯੂ ਸੀ ਪੀ ਉਮੀਦਵਾਰ ਅੰਮ੍ਰਿਪਾਲ ਮਠਾਰੂ, ਐਡਮਿੰਟਨ ਵਾਈਟਮੱਡ ਤੋਂ ਡਾ ਰਾਜ ਸ਼ਰਮਨ ਤੇ ਐਨ ਡੀ ਪੀ ਉਮੀਦਵਾਰ ਰਾਖੀ ਪੰਚੋਲੀ ਅਤੇ ਕੈਲਗਰੀ ਵਿਚ ਕੈਲਗਰੀ ਮੈਕਾਲ ਹਲਕੇ ਤੋ ਯੂਸੀਪੀ ਉਮੀਦਵਾਰ ਅਮਨਪ੍ਰੀਤ ਗਿੱਲ -ਐਨ ਡੀ ਪੀ ਐਮ ਐਲ ਏ ਤੇ ਸਾਬਕਾ ਮੰਤਰੀ ਇਰਫਾਨ ਸਬੀਰ, ਕੈਲਗਰੀ ਫਾਲਕਨਰਿਜ ਤੋ ਮੌਜੂਦਾ ਐਮ ਐਲ ਏ ਦਵਿੰਦਰ ਤੂਰ ਤੇ ਐਨ ਡੀ ਪੀ ਉਮੀਦਵਾਰ ਪਰਮੀਤ ਸਿੰਘ ਬੋਪਾਰਾਏ ਵਿਚਾਲੇ ਮੁਕਾਬਲੇ ਦਿਲਚਸਪ ਹੋਣ ਦੇ ਆਸਾਰ ਹਨ।



















# ਹੁਣੇ ਮੂਵ ਹੋਣ ਲਈ ਘਰ ਉਪਲੱਬਦ ਹਨ

## ਸਿੰਗਲ ਫੈਮਿਲੀ ਲੇਨਡ ਹੋਮਜ਼

ਸਾਡੇ ਆਧੁਨਿਕ ਅਤੇ ਵਿਸ਼ਾਲ ਸਿੰਗਲ ਫੈਮਿਲੀ ਅਤੇ ਡੁਪਲੈਕਸ ਹੋਮਸ ਸਾਊਥ ਪੁਆਇੰਟ ਦੇ 70-ਏਕੜ ਮਾਸਟਰ ਪਲੈਨਡ ਕਮਿਊਨਿਟੀ 'ਤੇ ਏਅਰਡਰੀ ਦੇ ਦਿਲ ਵਿੱਚ ਉੱਚ ਪੱਧਰੀ, ਪਰ ਕਿਫਾਇਤੀ ਰਹਿਣ ਦਾ ਪ੍ਰਤੀਕ ਹਨ।

ਸਾਰੇ ਲੇਨ ਵਾਲੇ ਅਤੇ ਡੁਪਲੈਕਸ ਛੇਤੀ ਛੇਤੀ ਕਬਜ਼ੇ ਵਾਲੇ ਘਰਾਂ ਵਿੱਚ ਸ਼ਾਮਲ ਹਨ:

- 9 ਫੁੱਟ ਉੱਚੀ ਬੇਸਮੈਂਟ
- ਸਾਰੇ ਘਰ ਵਿੱਚ ਕੁਆਰਟਜ ਕਾਊਂਟਰ ਟੌਪ
- ਲਗਜਰੀ ਵਾਈਨਲ ਪਲੈਂਕ ਫਲੋਰਿੰਗ
- ਕਿਚਨ ਵਿੱਚ ਐਲ ਈ ਡੀ ਪੌਟ ਲਾਈਟ ਪੈਕਿਜ
- ਬੇਸਮੈਂਟ ਦਾ ਸਾਈਡ ਦਰਵਾਜਾ (ਸਿਰਫ ਲੇਨਡ ਹੋਮਜ਼ ਲਈ)









## ਫ੍ਰੀਹੋਲਡ ਰੋਅ ਹੋਮਜ਼

ਸਾਡੇ ਘਰਾਂ ਵਿੱਚੋਂ ਸਭ ਤੋਂ ਆਲੀਸ਼ਾਨ ਅਤੇ ਵਰਤੋਂ ਯੋਗ ਘਰ ਜੋ ਤੁਹਾਡੇ ਪਰਿਵਾਰ ਦੀ ਲੋੜ ਨੂੰ ਪੂਰਾ ਕਰਦੇ ਹਨ। ਵਿਸ਼ੇਸ਼ ਧਿਆਨ ਨਾਲ ਡਿਜ਼ਾਈਨ ਕੀਤੇ ਗਏ ਇਹ ਘਰ 1,599 ਸਕੇਅਰ ਫੁੱਟ ਤੋਂ ਲੈਕੇ 1,727 ਸਕੇਅਰ ਫੁੱਟ ਤੱਕ ਇਸ ਵਿੱਚ ਸ਼ਾਮਲ ਹਨ :-

- 3 ਬੈੱਡਰੂਮ + ਦਫਤਰ
- 2.5 ਬਾਥਰੂਮ
- ਡਬਲ ਡੀਟੈਚਡ ਗੈਰੇਜ + ਪੂਰਾ ਕੰਕਰੀਟ ਡਰਾਈਵਵੇਅ
- ਅੱਗੇ ਅਤੇ ਪਿੱਛੇ ਪੂਰੀ ਤਰ੍ਹਾਂ ਲੈਂਡਸਕੇਪਡ
- + ਵਿਹੜੇ ਵਿੱਚ ਫੈਂਸ
- ਘਰ ਦੇ ਸਾਹਮਣੇ ਪਾਰਕ ਵਿੱਚ ਵੀ



SHOWHOMES NOW OPEN 403.980.1979 | VESTASOUTHPOINT.COM
600 South Point Heath SW, Airdrie, AB

VESTA PROPERTIES


ਇਹ ਅਟੱਲ ਸੱਚਾਈ ਹੈ ਕਿ
ਇਸ ਜਹਾਨੋ ਹਰ ਕਿਸੇ ਨੇ ਤੁਰ ਜਾਣਾ ਹੈ।
ਇਸ ਦੁਖਦਾਈ ਘੜੀ ਵਿੱਚ ਸਾਡਾ ਸਟਾਫ ਤੁਹਾਡੇ ਦੁੱਖ ਦਰਦ
ਨੂੰ ਮਹਿਸੂਸ ਕਰਦਾ ਹੋਇਆ ਤੁਹਾਡਾ ਖਿਆਲ ਰੱਖਦਾ ਹੈ
600 ਲੋਕਾਂ ਦੇ ਬਹਿਣ ਦੀ ਜਗ੍ਹਾ
ਵੀਲ ਚੇਅਰ, ਲਿਫਟ, ਖੁੱਲੀ ਕਾਰ ਪਾਰਕਿੰਗ,ਦੀ ਸਹੂਲਤ
ਤੁਸੀਂ ਖੁਦ ਆਪਣੀ ਇਸ ਆਖਰੀ ਘੜੀ ਦੀਆਂ ਰਸਮਾਂ ਸੰਬੰਧੀ ਪਹਿਲਾਂ ਹੀ ਪੈਕੇਜ ਲੈਕੇ ਮਰਨ ਉਪਰੰਤ ਤੁਹਾਡੇ ਪਿੱਛੇ ਰਹਿ ਗਏ ਪਿਆਰਿਆਂ ਦਾ ਦੁਖਦਾਈ ਆਰਥਿਕ ਬੋਝ ਘੱਟ ਕਰਨ ਵਿੱਚ ਮੱਦਦ ਕਰ ਸਕਦੇ ਹੋ !
PARK PLACE FUNERAL HOME
CHAPEL & CREMATORIUM LTD.
51 Broadway Blvd.
Ph. 417 - 8000 24 hrs.
ਐਡਮਿੰਟਨ ਅਤੇ ਪੂਰੇ ਕਨੇਡਾ ਭਰ ਵਿੱਚੋਂ ਤੁਸੀਂ ਸਾਡੀਆਂ ਸੇਵਾਵਾਂ ਲੈ ਸਕਦੇ ਹੋ !
ਸਾਰੇ ਧਰਮਾਂ ਦੀਆਂ ਰੀਤੀਆਂ ਅਨੁਸਾਰ ਅੰਤਿਮ ਰਸਮਾਂ ਪੂਰੀਆ ਕਰਨ ਲਈ ਸਾਡਾ ਸਟਾਫ ਬਚਨਵੱਧ ਹੈ।
ਜੇਕਰ ਮ੍ਰਿਤਕ ਦੇਹ ਦਾ ਸਸਕਾਰ ਬਾਹਰ ਕਿਤੇ ਵੀ ਕਿਸੇ ਵੀ ਮੁਲਕ ਲੈ ਜਾਕੇ ਕਰਨ ਦੀ ਅਗਰ ਤੁਹਾਡੀ ਇੱਛਾ ਹੈ ਤਾਂ ਅਸੀਂ ਪੂਰਾ ਪੇਪਰ ਵਰਕ ਕਰਨ ਵਿੱਚ ਤੁਹਾਡੀ ਮੱਦਦ ਕਰਦੇ ਹਾਂ।
Satvir Kaur Brar, (780)417-8000, 780 267 3500 Parkfuneral@gmail.com 51, Broadway Blvd. Sherwood Park, AB T8H 2C1


2 ਫਾਰ ਵਨ ਵਾਲਿਆਂ ਦਾ ਪੀਜ਼ਾ ਇੱਕ ਵਾਰ ਖਾਂਓਗੇ
ਤਾਂ ਆਪਣੇ ਘਰ ਖਾਣਾ ਬਣਾਉਣਾ ਭੁੱਲ ਜਾਓਗੇ
ਪਹਿਲੀ ਅਤੇ ਆਖਰੀ ਬਾਈਟ ਦਾ ਸੁਆਦ
2 ਫਾਰ ਵਨ ਪੀਜ਼ਾ ਹਾਊਸ ਨੂੰ ਰੱਖਣਾ ਯਾਦ
2 FOR 1 PIZZA HOUSE
HOUSE OF TASTE & QUALITY
Please advise us of any food allergies
Call for Delivery
Westwinds
#123 – 55 Westwind Cres NE Calgary, AB
403-285-9000
Stonegate
#112 – 2250 Country Hills Blvd NE Calgary, AB
403-818-9000
The Hills at Charlesworth
#3747 – 8th Ave SW Edmonton, AB
780-250-9009
ਆਪਣੇ ਸ਼ਹਿਰ ਵਿੱਚ 2 ਫਾਰ ਵਨ ਪੀਜ਼ਾ ਦੀ ਫਰੈਂਚਾਈਜ ਲੈਣ ਲਈ ਕਾਲ ਕਰੋ
ਅੰਮ੍ਰਿਤ :403-333-9000
2 For 1 Pizza House Franchise Application
Business Hours
Sunday – Thursday 11:00 am – 12:00 am
Friday & Saturday 11:0 am – 1:00 am
Location Hours May Vary
info@2for1pizzahouse.com
www.2for1pizzahouse.com
"GREAT FOOD, GREAT PRICE, GREAT QUALITY!!"


BHINDER EXTERIORS LTD.
BHINDER EXTERIOR
ਕੁਦਰਤ ਦੀ ਗੜ੍ਹੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com